30-JUNE-PAGE-1.qxd 6/29/2023 10:07 PM Page 1

ਸ਼ੁੱਕਰਵਾਰ, 30 ਜੂਨ, 2023
16 ਹਾੜ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 29

ਨਵਾਂ ਜ਼ਮਾਨਾ

DAILY NAWAN ZAMANA • FRIDAY, 30 JUNE, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਪਰਲ ਕੰਪਨੀ ਦੀਆਂ ਜਾਇਦਾਦਾਂ ਦੀ ਕੁਰਕੀ ਸ਼ੁਰੂ : ਭਗਵੰਤ ਮਾਨ

ਕੰਪਨੀ ਦੀ ਮਾਲਕੀ ਵਾਲੀਆਂ ਜਾਇਦਾਦਾਂ ਵੇਚ ਕੇ ਲੋਕਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ

ਚੰਡੀਗੜ੍ਹ. (ਗੁਰਜੀਤ ਬਿੱਲਾ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਕਿਹਾ ਕਿ ਸੂਬਾ ਸਰਕਾਰ ਨੇ ਪਰਲ ਗਰੁੱਪ ਦੀ ਮਾਲਕੀ ਵਾਲੀਆਂ ਜਾਇਦਾਦਾਂ ਜ਼ਬਤ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਤਾਂ ਕਿ ਇਸ ਨੂੰ ਵੇਚ ਕੇ ਲੋਕਾਂ ਨੂੰ ਮੁਆਵਜ਼ਾ ਦਿੱਤਾ ਜਾ ਸਕੇ। ਇਸ ਸੰਬੰਧੀ ਵੇਰਵੇ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸੂਬੇ ਦੇ ਲੋਕਾਂ ਤੋਂ ਲੁੱਟੇ ਗਏ ਇੱਕ-ਇੱਕ ਪੈਸੇ ਦੀ ਵਸੂਲੀ ਕਰੇਗੀ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਜ਼ਿਲ੍ਹਿਆਂ 'ਚ ਪਰਲ ਗਰੁੱਪ ਦੀਆਂ ਜਾਇਦਾਦਾਂ ਦੀ ਸ਼ਨਾਖਤ ਕੀਤੀ ਜਾ ਚੁੱਕੀ ਹੈ ਅਤੇ ਇਨ੍ਹਾਂ ਜਾਇਦਾਦਾਂ ਨੂੰ ਹਾਸਲ ਕਰਨ ਲਈ ਕਾਨੂੰਨੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਮਾਲ ਰਿਕਾਰਡ 'ਚ ਰੈੱਡ ਐਂਟਰੀਆਂ ਕੀਤੀਆਂ ਗਈਆਂ ਹਨ ਤਾਂ ਜੋ ਕੋਈ ਵੀ ਇਸ ਜਾਇਦਾਦ ਨੂੰ ਵੇਚ ਜਾਂ ਖਰੀਦ ਨਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਇਸ ਗਰੁੱਪ ਨੇ ਸੂਬੇ ਦੇ ਲੋਕਾਂ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ, ਜਿਸ ਕਰਕੇ ਇਸ ਨੂੰ ਹਰ ਹਾਲ 'ਚ ਜਵਾਬਦੇਹ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰਕਿਰਿਆ 'ਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਜ਼ਮੀਨੀ ਪੱਧਰ 'ਤੇ ਮਾਲ ਰਿਕਾਰਡ ਦੀ ਪਹਿਲਾਂ ਹੀ ਜਾਂਚ ਕੀਤੀ ਜਾ ਚੁੱਕੀ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਕਾਰਜ ਨੂੰ ਪਹਿਲ ਦੇ ਅਧਾਰ ਉਤੇ ਕੀਤਾ ਗਿਆ ਤਾਂ ਜੋ ਸਰਕਾਰ ਵੱਲੋਂ ਇਹ ਜਾਇਦਾਦ ਜ਼ਬਤ ਕੀਤੀ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਮੁੱਖ ਸਕੱਤਰ ਅਤੇ ਡੀ ਜੀ ਪੀ ਨੂੰ ਇਸ ਕੰਮ ਨੂੰ ਨਿਰਵਿਘਨ ਤੇ ਸਮਾਂਬੱਧ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਮੁੱਚੀ ਪ੍ਰਕਿਰਿਆ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਦੇ ਨਿਰਦੇਸ਼ ਦਿੱਤੇ। ਭਗਵੰਤ ਮਾਨ ਨੇ ਕਿਹਾ ਕਿ ਇਹ ਜਾਇਦਾਦ ਵੇਚੀ ਜਾਵੇਗੀ ਅਤੇ ਲੋਕਾਂ ਦਾ ਇੱਕ-ਇੱਕ ਪੈਸਾ ਉਨ੍ਹਾਂ ਨੂੰ ਵਾਪਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਲੋਕਾਂ ਦਾ ਪੈਸਾ ਉਨ੍ਹਾਂ ਨੂੰ ਵਾਪਸ ਮੋੜਿਆ ਜਾਵੇ ਅਤੇ ਕੰਪਨੀ ਵਿਰੁੱਧ ਮਿਸਾਲੀ ਕਾਰਵਾਈ ਕੀਤੀ ਜਾਵੇ ਤਾਂ ਕਿ ਧੋਖਾਧੜੀ ਕਰਨ ਵਾਲੀਆਂ ਅਜਿਹੀਆਂ ਹੋਰ ਕੰਪਨੀਆਂ ਨੂੰ ਵੀ ਸਬਕ ਮਿਲ ਸਕੇ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਲੋਕਾਂ ਦਾ ਪੈਸਾ ਲੁੱਟਣ ਵਾਲੀ ਚਿੱਟਫੰਡ ਪਰਲ ਕੰਪਨੀਆਂ ਖਿਲਾਫ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਪੰਜਾਬ ਸਰਕਾਰ ਵੱਲੋਂ ਸੂਬੇ 'ਚ ਮੌਜੂਦਾ ਪਰਲ ਕੰਪਨੀ ਦੀਆਂ ਸਾਰੀਆਂ ਪ੍ਰਾਪਰਟੀਆਂ ਨੂੰ ਕਾਨੂੰਨੀ ਅੜਚਨ ਦੂਰ ਕਰਕੇ ਕਬਜ਼ੇ 'ਚ ਲੈਣ ਦੀ ਗੱਲ ਕਹੀ ਸੀ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਮਾਮਲੇ ਦੀ ਹਾਈ ਪੱਧਰੀ ਇਨਕੁਆਰੀ ਵੀ ਕਰਵਾ ਚੁੱਕੀ ਹੈ। ਜਾਂਚ ਕਰਨ ਦੀ ਜਾਣਕਾਰੀ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਦਿੱਤੀ ਸੀ। ਉਨ੍ਹਾ ਨੇ ਅਰਬਾਂ ਦੀ ਚੱਲ-ਅਚੱਲ ਜਾਇਦਾਦ ਬਣਾਉਣ ਵਾਲੀ ਚਿੱਟਫੰਡ ਕੰਪਨੀ ਪਰਲ ਦੀ ਉੱਚ ਪੱਧਰੀ ਜਾਂਚ ਦੇ ਆਦੇਸ਼ ਜਾਰੀ ਕਰਨ ਦੀ ਗੱਲ ਕਹੀ ਸੀ। ਪੰਜਾਬ 'ਚ ਕਰੀਬ 10 ਲੱਖ ਲੋਕ ਪਰਲ ਗਰੁੱਪ ਦੀ ਠੱਗੀ ਦਾ ਸ਼ਿਕਾਰ ਦੱਸੇ ਗਏ ਹਨ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ 'ਚ ਸੁਪਰੀਮ ਕੋਰਟ ਵੱਲੋਂ ਨਿਯੁਕਤ ਲੋਡਾ ਕਮੇਟੀ ਨੂੰ ਸਹਿਯੋਗ ਕਰਨ ਦੀ ਗੱਲ ਸਾਹਮਣੇ ਆਈ ਸੀ। ਇਸ ਦੇ ਤਹਿਤ ਪਰਲ ਗਰੁੱਪ ਦੀ ਪ੍ਰਾਪਰਟੀ ਵੇਚ ਕੇ ਨਿਵੇਸ਼ਕਾਂ ਨੂੰ ਉਨ੍ਹਾ ਦਾ ਪੈਸਾ ਵਾਪਸ ਕੀਤੇ ਜਾਣ ਦੀ ਗੱਲ ਕਹੀ ਗਈ ਸੀ।

● ਬਾਕੀ ਸਫ਼ਾ 2 'ਤੇ

ਮੇਘ ਮਲਹਾਰ ਨੇ ਵਧਾਈ ਚਿੰਤਾ

19 ਸੂਬਿਆਂ 'ਚ ਭਾਰੀ ਬਾਰਿਸ਼ ਦਾ ਹਾਈ ਅਲਰਟ

ਨਵੀਂ ਦਿੱਲੀ : ਸਮੁੱਚੇ ਦੇਸ਼ 'ਚ ਮਾਨਸੂਨ ਦੀ ਆਗਮਨ ਦੇ ਨਾਲ ਮੌਸਮ ਹੁਣ ਖੁਸ਼ਗਵਾਰ ਹੋ ਗਿਆ ਹੈ। ਕਈ ਸੂਬਿਆਂ 'ਚ ਅਸਮਾਨ ਤੋਂ ਰਾਹਤ ਦੀ ਬਾਰਿਸ਼ ਹੋ ਰਹੀ ਹੈ ਤਾਂ ਕਈ ਸੂਬਿਆਂ 'ਚ ਭਾਰੀ ਬਾਰਿਸ਼ ਨਾਲ ਜਾਨ-ਮਾਲ ਨੂੰ ਵੀ ਬਹੁਤ ਨੁਕਸਾਨ ਹੋਇਆ ਹੈ। ਬਾਰਿਸ਼ ਨੂੰ ਲੈ ਕੇ ਜਿਸ ਤਰ੍ਹਾਂ ਦਾ ਅਲਰਟ ਮੌਸਮ ਵਿਭਾਗ ਨੇ ਜਾਰੀ ਕੀਤਾ ਹੈ, ਉਸ ਨੂੰ ਲੈ ਕੇ ਬਾਰਿਸ਼ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀ ਨੀਂਦ ਉਡ ਗਈ ਹੈ। ਰਾਸ਼ਟਰੀ ਰਾਜਧਾਨੀ ਦਿੱਲੀ 'ਚ ਵੀਰਵਾਰ ਸਵੇਰੇ ਤੇਜ਼ ਬਾਰਿਸ਼ ਹੋਈ। ਭਾਰੀ ਬਾਰਿਸ਼ ਕਾਰਨ ਰਾਜਧਾਨੀ 'ਚ ਪਾਣੀ ਭਰ ਗਿਆ। ਮੌਸਮ ਵਿਭਾਗ ਵੱਲੋਂ 19 ਸੂਬਿਆਂ 'ਚ ਅਗਲੇ 24 ਘੰਟਿਆਂ ਦੌਰਾਨ ਭਾਰੀ ਬਾਰਿਸ਼ ਨੂੰ ਲੈ ਕੇ ਅਲਰਟ ਕੀਤਾ ਗਿਆ ਹੈ। ਮੌਸਮ ਮੁਤਾਬਿਕ ਅਗਲੇ ਚਾਰ ਦਿਨ ਤੱਕ ਦੇਸ਼ ਭਰ ਦੇ ਕਈ ਸੂਬਿਆਂ 'ਚ ਭਾਰੀ ਬਾਰਿਸ਼ ਹੋ ਸਕਦੀ ਹੈ। ਇਨ੍ਹਾਂ ਸੂਬਿਆਂ 'ਚ ਝਾਰਖੰਡ, ਬਿਹਾਰ, ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼, ਕੋਕਣ ਅਤੇ ਗੋਆ, ਛੱਤੀਸਗੜ੍ਹ, ਅਸਮ, ਮੇਘਾਲਿਆ, ਮਣੀਪੁਰ, ਮਿਜ਼ੋਰਮ, ਤ੍ਰਿਪੁਰਾ, ਓਡੀਸ਼ਾ, ਪੱਛਮ ਬੰਗਾਲ, ਉੱਤਰ ਪ੍ਰਦੇਸ਼, ਹਰਿਆਣਾ, ਦਿੱਲੀ, ਪੂਰਬੀ ਰਾਜਸਥਾਨ, ਗੁਜਰਾਤ ਅਤੇ ਮੱਧ ਮਹਾਰਾਸ਼ਟਰ ਸ਼ਾਮਲ ਹਨ। ਬਾਰਿਸ਼ ਨਾਲ ਯੂ ਪੀ ਅਤੇ ਉਸ ਨਾਲ ਲੱਗੇ ਬਿਹਾਰ ਦਾ ਹਾਲ ਖਰਾਬ ਹੈ। ਦੋਵੇਂ ਸੂਬਿਆਂ ਦੇ ਕਈ ਜ਼ਿਲ੍ਹਿਆਂ 'ਚ ਪਿਛਲੇ 3 ਦਿਨਾਂ ਤੋਂ ਹੋ ਰਹੀ ਬਾਰਿਸ਼ ਨੇ ਲੋਕਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਮੌਸਮ ਵਿਭਾਗ ਦੀ ਮੰਨੀਏ ਤਾਂ ਆਉਣ ਵਾਲੇ 4 ਦਿਨਾਂ ਤੱਕ ਬਾਰਿਸ਼ ਤੋਂ ਰਾਹਤ ਦੀ ਉਮੀਦ ਨਹੀਂ ਹੈ। ਮੌਸਮ ਵਿਭਾਗ ਨੇ ਕਿਹਾ ਕਿ ਦੇਸ਼ ਭਰ 'ਚ ਮਾਨਸੂਨ ਨੇ ਹੁਣ ਰਫ਼ਤਾਰ ਫੜ ਲਈ ਹੈ। ਜਿੱਥੇ ਭਾਰੀ ਬਾਰਿਸ਼ ਤੋਂ ਬਾਅਦ ਅਸਮ, ਸਿੱਕਮ ਅਤੇ ਹਿਮਾਚਲ ਦੇ ਕਈ ਜ਼ਿਲ੍ਹੇ ਹੜ੍ਹ ਦੀ ਚਪੇਟ 'ਚ ਹਨ। ਉਥੇ ਹੀ ਲੱਖਾਂ ਲੋਕ ਰਾਹਤ ਕੈਂਪਾਂ 'ਚ ਰਹਿ ਰਹੇ ਹਨ। ਇਸ ਹੜ੍ਹ ਨਾਲ ਜਾਨ-ਮਾਲ ਦਾ ਬਹੁਤ ਨੁਕਸਾਨ ਹੋਇਆ ਹੈ। ਅਸਾਮ 'ਚ ਹੜ੍ਹ ਨਾਲ ਸੂਬੇ ਦੇ 6 ਜ਼ਿਲ੍ਹਿਆਂ 'ਚ 83 ਹਜ਼ਾਰ ਲੋਕ ਫਸੇ ਹੋਏ ਹਨ। ਮਰਨ ਵਾਲਿਆਂ ਦੀ ਗਿਣਤੀ ਵਧ ਕੇ 7 ਹੋ ਗਈ ਹੈ। ਮਹਾਰਾਸ਼ਟਰ ਦੇ ਮੁੰਬਈ, ਠਾਣੇ ਅਤੇ ਸਤਾਰਾ 'ਚ ਪਿਛਲੇ 24 ਘੰਟਿਆਂ 'ਚ ਜ਼ੋਰਦਾਰ ਬਾਰਿਸ਼ ਨਾਲ ਰੇਲਵੇ ਟਰੈਕ, ਬਾਜ਼ਾਰਾਂ ਅਤੇ ਸੜਕਾਂ 'ਤੇ 3 ਫੁੱਟ ਪਾਣੀ ਭਰ ਗਿਆ ਹੈ।

ਮੁੰਬਈ 'ਚ ਬਾਰਿਸ਼ ਕਾਰਨ 10 ਮੌਤਾਂ

ਮੁੰਬਈ : ਦੇਸ਼ 'ਚ ਮਾਨਸੂਨ ਕਾਰਨ ਕਈ ਇਲਾਕਿਆਂ 'ਚ ਜਨਜੀਵਨ ਠੱਪ ਹੋ ਗਿਆ ਹੈ। ਮੌਸਮ ਵਿਭਾਗ ਨੇ ਦੇਸ਼ ਦੇ ਕਈ ਹਿੱਸਿਆਂ 'ਚ ਆਰੇਂਜ ਅਲਰਟ ਕੀਤਾ ਹੈ। ਮੁੰਬਈ 'ਚ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਵੱਖ-ਵੱਖ ਥਾਵਾਂ 'ਤੇ ਘਟਨਾਵਾਂ 'ਚ 10 ਲੋਕਾਂ ਦੀ ਮੌਤ ਹੋ ਚੁੱਕੀ ਹੈ। ਦਿੱਲੀ ਐੱਨ ਸੀ ਆਰ 'ਚ ਵੀਰਵਾਰ ਸਵੇਰੇ ਕਈ ਇਲਾਕਿਆਂ 'ਚ ਬਾਰਿਸ਼ ਹੋਈ, ਜਿਸ ਨਾਲ ਤਾਪਮਾਨ 'ਚ ਗਿਰਾਵਟ ਆਈ। ਯੂ ਪੀ 'ਚ ਅਗਲੇ 2 ਦਿਨ 'ਚ ਭਾਰੀ ਬਾਰਿਸ਼ ਦਾ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਭਾਗ ਵੱਲੋਂ ਜਾਰੀ ਤਾਜ਼ਾ ਅੱਪਡੇਟ 'ਚ ਇਹ ਵੀ ਕਿਹਾ ਗਿਆ ਕਿ ਅਗਲੇ ਦੋ ਦਿਨਾਂ ਦੌਰਾਨ ਦੇਸ਼ ਦੇ ਉੱਤਰ ਪੱਛਮ ਤੋਂ ਇਲਾਵਾ ਮੱਧ ਭਾਰਤ ਅਤੇ ਪੱਛਮ ਭਾਰਤ 'ਚ ਮਾਨਸੂਨ ਸਰਗਰਮ ਬਣਿਆ ਰਹੇਗਾ। ਨਾਲ ਹੀ ਇਹ ਵੀ ਕਿਹਾ ਕਿ ਦੱਖਣ ਪੱਛਮ ਮਾਨਸੂਨ ਦੇ ਵੀ ਅਗਲੇ ਦੋ ਦਿਨ ਦੌਰਾਨ ਦੇਸ਼ ਦੇ ਬਾਕੀ ਹਿੱਸਿਆਂ 'ਚ ਅੱਗੇ ਵਧਣ ਦੀ ਸੰਭਾਵਨਾ ਹੈ। ਹਿਮਾਚਲ ਪ੍ਰਦੇਸ਼ 'ਚ ਲਗਾਤਾਰ ਬਾਰਿਸ਼ ਹੋ ਰਹੀ ਹੈ, ਇਸ 'ਚ ਉਥੇ ਕਈ ਇਲਾਕਿਆਂ 'ਚ ਹੜ੍ਹ ਵਰਗੀ ਸਥਿਤੀ ਬਣ ਗਈ ਹੈ। ਮੌਸਮ ਵਿਭਾਗ ਨੇ 30 ਜੂਨ ਅਤੇ ਇੱਕ ਜੁਲਾਈ ਨੂੰ ਵੱਖ-ਵੱਖ ਸਥਾਨਾਂ 'ਤੇ ਮੱਧਮ ਤੋਂ ਭਾਰੀ ਬਾਰਿਸ਼ ਦੀ ਚੇਤਾਵਨੀ ਦਿੱਤੀ ਹੈ। ਹਿਮਾਚਲ ਦੇ ਸੋਲਨ 'ਚ ਕਾਲਕਾ-ਸ਼ਿਮਲਾ ਨੈਸ਼ਨਲ ਹਾਈਵੇ-5 'ਤੇ ਕੁਮਾਰਹੱਟੀ ਦੇ ਕੋਲ ਬਾਰਿਸ਼ ਕਾਰਨ ਪੰਜ ਮੰਜ਼ਲਾ ਇਮਾਰਤ ਡਿੱਗ ਗਈ। ਹਾਲਾਂਕਿ ਘਟਨਾ ਸਮੇਂ ਮਕਾਨ 'ਚ ਕੋਈ ਨਹੀਂ ਸੀ।

ਨੰਦਾਕਿਨੀ ਨਦੀ 'ਚ ਡਿੱਗੀ ਪਿਕਅੱਪ, ਡਰਾਈਵਰ ਦੀ ਮੌਤ

ਚਮੋਲੀ : ਚਮੋਲੀ 'ਚ ਇੱਕ ਪਿਕਅੱਪ ਵਾਹਨ ਨੰਦਾਕਿਨੀ 'ਚ ਡਿੱਗ ਗਿਆ। ਹਾਦਸੇ 'ਚ 24 ਸਾਲ ਦੇ ਡਰਾਇਵਰ ਪਵਨ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਿਕ, ਚਮੋਲੀ ਜ਼ਿਲ੍ਹੇ ਦੇ ਨੰਦਾਨਗਰ ਵਿਕਾਸ ਖੰਡ 'ਚ ਨੰਦਾਨਗਰ-ਸਿਤੇਲ ਮੋਟਰ ਮਾਰਗ 'ਤੇ ਬੀਤੀ ਰਾਤ ਪਿਕਅੱਪ ਵਾਹਨ ਨੰਦਾਕਿਨੀ 'ਚ ਡਿੱਗ ਗਿਆ। ਉਥੇ ਹੀ ਬੱਦਰੀਨਾਥ ਹਾਈਵੇ 7 ਥਾਣਾ ਚਮੋਲੀ ਖੇਤਰ ਦੇ ਅੰਦਰ ਛਿਨਕਾ ਦੇ ਕੋਲ ਪਹਾੜੀ ਤੋਂ ਮਲਬਾ ਡਿੱਗਣ ਕਾਰਨ ਰੋਡ ਬੰਦ ਹੋ ਗਿਆ। ਬੱਦਰੀਨਾਥ ਅਤੇ ਹੇਮਕੁੰਡ ਆਉਣ ਵਾਲੇ ਯਾਤਰੀ ਸੜਕ 'ਤੇ ਫਸ ਗਏ।

ਡੀ ਆਈ ਜੀ ਇੰਦਰਬੀਰ ਸਿੰਘ ਭ੍ਰਿਸ਼ਟਾਚਾਰ ਮਾਮਲੇ 'ਚ ਨਾਮਜ਼ਦ

ਚੰਡੀਗੜ੍ਹ : ਵਿਜੀਲੈਂਸ ਨੇ ਫਿਰੋਜ਼ਪੁਰ ਦੇ ਸਾਬਕਾ ਅਤੇ ਜਲੰਧਰ ਪੀ ਏ ਪੀ ਦੇ ਮੌਜੂਦਾ ਡੀ ਆਈ ਜੀ ਇੰਦਰਬੀਰ ਸਿੰਘ ਨੂੰ ਇਕ ਨਸ਼ਾ ਸਪਲਾਇਰ ਤੋਂ 10 ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਨਾਮਜ਼ਦ ਕੀਤਾ ਹੈ। ਇਸ ਡੀ ਆਈ ਜੀ ਨੇ ਨਸ਼ਾ ਤਸਕਰ ਦਾ ਨਾਂਅ ਕੇਸ 'ਚ ਸ਼ਾਮਲ ਨਾ ਕਰਨ ਬਦਲੇ ਇਹ ਰਿਸ਼ਵਤ ਲਈ ਸੀ। ਇਹ ਮਾਮਲਾ ਤਰਨ ਤਾਰਨ ਜ਼ਿਲ੍ਹੇ 'ਚ ਭਿਖੀਵਿੰਡ ਥਾਣੇ ਵਿੱਚ ਐੱਨ ਡੀ ਪੀ ਐੱਸ ਐਕਟ ਤਹਿਤ ਦਰਜ ਕੀਤਾ ਗਿਆ ਸੀ। ਵਿਜੀਲੈਂਸ ਬਿਊਰੋ ਦੇ ਐੱਸ ਐੱਸ ਪੀ ਅੰਮ੍ਰਿਤਸਰ ਰੇਂਜ ਵਰਿੰਦਰ ਸਿੰਘ ਨੇ ਦੱਸਿਆ ਕਿ ਇੰਦਰਬੀਰ ਸਿੰਘ ਨੂੰ ਕੇਸ 'ਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ ਤੇ ਅਗਲੀ ਜਾਂਚ ਜਾਰੀ ਹੈ। ਪਿਛਲੇ 20 ਜੂਨ ਨੂੰ ਭਿੱਖੀਵਿੰਡ ਥਾਣੇ ਵਿਚ ਸੁਰਜੀਤ ਸਿੰਘ ਖਿਲਾਫ ਕੇਸ ਦਰਜ ਕੀਤਾ ਗਿਆ ਸੀ, ਜਿਸ ਕੋਲੋਂ 900 ਗ੍ਰਾਮ ਅਫੀਮ ਬਰਾਮਦ ਹੋਈ ਸੀ। ਕੇਸ 'ਚ ਪਿਸ਼ੌਰਾ ਸਿੰਘ, ਨਿਸ਼ਾਨ ਸਿੰਘ, ਹੀਰਾ ਸਿੰਘ, ਡੀ ਐੱਸ ਪੀ ਲਖਬੀਰ ਸਿੰਘ ਤੇ ਹੈੱਡ ਕਾਂਸਟੇਬਲ ਰਸ਼ਪਾਲ ਸਿੰਘ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। 6 ਜੁਲਾਈ 2022 ਨੂੰ ਡੀ ਐੱਸ ਪੀ ਲਖਬੀਰ ਸਿੰਘ ਜੋ ਉਸ ਵੇਲੇ ਫਰੀਦਕੋਟ ਵਿਖੇ ਤਾਇਨਾਤ ਸੀ, ਨੂੰ ਪੁਲਸ ਨੇ ਕੇਸ 'ਚ ਗ੍ਰਿਫਤਾਰ ਕੀਤਾ ਸੀ। ਤਰਨ ਤਾਰਨ ਦੇ ਐੱਸ ਐੱਸ ਪੀ ਵੱਲੋਂ ਬਣਾਈ ਐੱਸ ਆਈ ਟੀ ਨੇ ਪਾਇਆ ਕਿ ਸੀਨੀਅਰ ਪੁਲਸ ਅਫਸਰ ਵੀ ਕੇਸ ਵਿਚ ਸ਼ਾਮਲ ਹੈ। ਬਾਅਦ ਵਿਚ ਕੇਸ ਵਿਜੀਲੈਂਸ ਨੂੰ ਦੇ ਦਿੱਤਾ ਗਿਆ ਜਿਸ ਨੇ ਸੀਨੀਅਰ ਅਫਸਰਾਂ ਤੋਂ ਪੁੱਛਗਿੱਛ ਕੀਤੀ ਤੇ ਇੰਦਰਬੀਰ ਸਿੰਘ ਨੂੰ ਕੇਸ ਵਿੱਚ ਨਾਮਜ਼ਦ ਕੀਤਾ ਗਿਆ।

ਕੇਜਰੀਵਾਲ ਕੈਬਨਿਟ 'ਚ ਫੇਰਬਦਲ, ਆਤਿਸ਼ੀ ਨੂੰ ਮਿਲੀ ਵਿੱਤ ਤੇ ਮਾਲੀਆ ਵਿਭਾਗ ਦੀ ਵੀ ਜ਼ਿੰਮੇਵਾਰੀ

ਨਵੀਂ ਦਿੱਲੀ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਪਣੀ ਕੈਬਨਿਟ 'ਚ ਫੇਰਬਦਲ ਕਰਦੇ ਹੋਏ ਆਤਿਸ਼ੀ ਨੂੰ ਵਿੱਤ ਅਤੇ ਮਾਲੀਆ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਹੈ। ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਜੇਲ੍ਹ ਜਾਣ ਤੋਂ ਬਾਅਦ ਕੈਲਾਸ਼ ਗਹਿਲੋਤ ਨੂੰ ਵਿੱਤ ਮੰਤਰਾਲਾ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ, ਪਰ ਹੁਣ ਵਿੱਤ ਅਤੇ ਮਾਲੀਆ ਵਿਭਾਗ ਦੀ ਜ਼ਿੰਮੇਵਾਰੀ ਵੀ ਆਤਿਸ਼ੀ ਨੂੰ ਦੇ ਦਿੱਤੀ ਗਈ ਹੈ। ਕੈਬਨਿਟ 'ਚ ਫੇਰਬਦਲ ਨਾਲ ਜੁੜੀ ਫਾਈਲ ਐੱਲ ਜੀ ਵਿਨੇ ਸਕਸੈਨਾ ਨੂੰ ਭੇਜੀ ਗਈ ਸੀ, ਜਿਸ ਨੂੰ ਉਨ੍ਹਾਂ ਨੇ ਮਨਜ਼ੂਰ ਕਰ ਲਿਆ ਹੈ। ਬੀਤੀ 2 ਜਨਵਰੀ ਨੂੰ ਆਤਿਸ਼ੀ ਨੂੰ ਜਨਸੰਪਰਕ ਵਿਭਾਗ ਦੀ ਜ਼ਿੰਮੇਵਾਰੀ ਮਿਲੀ ਸੀ। ਮੌਜੂਦਾ ਸਮੇਂ ਇਸ ਵਿਭਾਗ ਤੋਂ ਇਲਾਵਾ ਬਿਜਲੀ, ਸਿੱਖਿਆ, ਔਰਤ ਅਤੇ ਪੀ ਡਬਲਿਊ.ਡੀ ਵਿਭਾਗ ਦੀ ਜ਼ਿੰਮੇਵਾਰੀ ਵੀ ਮਿਲੀ ਹੋਈ ਹੈ। ਅਧਿਕਾਰੀਆਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਸੀ ਕਿ ਉੱਪ ਰਾਜਪਾਲ ਵੀ ਕੇ ਸਕਸੈਨਾ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਕੈਬਨਿਟ ਮੰਤਰੀ ਆਤਿਸ਼ੀ ਨੂੰ ਜਨਸੰਪਰਕ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਸੀ। ਇਸ ਸੰਬੰਧ 'ਚ ਜਨਰਲ ਐਡਮਨਿਸਟ੍ਰੇਸ਼ਨ ਵਿਭਾਗ ਵੱਲੋਂ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ।

ਅਮਰਨਾਥ ਯਾਤਰਾ ਲਈ ਹੁਣ ਤੱਕ 3 ਲੱਖ ਤੋਂ ਜ਼ਿਆਦਾ ਸ਼ਰਧਾਲੂਆਂ ਨੇ ਕਰਵਾਈ ਰਜਿਸਟ੍ਰੇਸ਼

30-JUNE-PAGE-1.qxd 6/29/2023 10:07 PM Page 2

ਪੰਜਾਬ ਦੀਆਂ ਰਵਾਇਤਾਂ 'ਚ ਨਫਰਤ ਲਈ ਕੋਈ ਥਾਂ ਨਹੀਂ : ਸ਼ਾਹੀ ਇਮਾਮ ਮੌਲਾਨਾ ਉਸਮਾਨ ਰਹਿਮਾਨੀ

ਲੁਧਿਆਣਾ, (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ) : ਇਥੇ ਇਤਿਹਾਸਕ ਜਾਮਾ ਮਸਜਿਦ ਵਿਖੇ ਈਦ-ਉਲ-ਜੂਹਾ ਬਕਰੀਦ ਦੀ ਨਮਾਜ ਇਸਲਾਮੀ ਰੀਤੀ-ਰਿਵਾਜਾਂ ਮੁਤਾਬਿਕ ਸ਼ਾਹੀ ਇਮਾਮ ਪੰਜਾਬ ਮੌਲਾਨਾ ਉਸਮਾਨ ਰਹਿਮਾਨੀ ਲੁਧਿਆਣਵੀਂ ਨੇ ਅਦਾ ਕਰਵਾਈ। ਇਸ ਮੌਕੇ ਜਾਮਾ ਮਸਜਿਦ 'ਚ ਵੱਖ-ਵੱਖ ਧਰਮਾਂ ਤੇ ਸਿਆਸੀ ਜਮਾਤਾਂ ਦੇ ਨੁਮਾਇੰਦੇ ਆਪਣੇ ਮੁਸਲਮਾਨ ਭਰਾਵਾਂ ਨੂੰ ਈਦ ਦੀਆਂ ਮੁਬਾਰਕਾਂ ਦੇਣ ਪੁੱਜੇ। ਸਮਾਗਮ ਨੂੰ ਸੰਬੋਧਨ ਕਰਦੀਆਂ ਸ਼ਾਹੀ ਇਮਾਮ ਮੌਲਾਨਾ ਉਸਮਾਨ ਰਹਿਮਾਨੀ ਲੁਧਿਆਣਵੀਂ ਨੇ ਕਿਹਾ ਕਿ ਅੱਜ ਦਾ ਦਿਨ ਅਸੀਂ ਅੱਲ੍ਹਾ ਤਾਅਲਾ ਦੇ ਨਬੀ ਹਜ਼ਰਤ ਇਬ੍ਰਾਹੀਮ ਅਲੇਹਿਸੱਲਾਮ ਦੀ ਯਾਦ 'ਚ ਮਨਾਉਂਦੇ ਹਾਂ, ਜਿਨ੍ਹਾਂ ਨੇ ਆਪਣੇ ਰੱਬ ਦੀ ਰਜ਼ਾ ਲਈ ਆਪਣਾ ਪੁੱਤਰ ਕੁਰਬਾਨ ਕਰਨ ਲਈ ਦੇਰ ਨਹੀਂ ਲਾਈ। ਸ਼ਾਹੀ ਇਮਾਮ ਨੇ ਕਿਹਾ ਕਿ ਈਦ ਦਾ ਦਿਨ ਸਾਨੂੰ ਸਬਕ ਦਿੰਦਾ ਹੈ ਕਿ ਅਸੀਂ ਵੀ ਆਪਣੇ ਅੰਦਰ ਕੁਰਬਾਨੀ ਦਾ ਜਜ਼ਬਾ ਰੱਖੀਏ। ਸ਼ਾਹੀ ਇਮਾਮ ਨੇ ਕਿਹਾ ਕਿ ਅੱਜ ਕੱਲ੍ਹ ਦੇਸ਼ 'ਚ ਫਿਰਕੂ ਤਾਕਤਾਂ ਧਰਮ ਦੇ ਨਾਮ 'ਤੇ ਲੋਕਾਂ 'ਚ ਪਾੜ ਪਾਉਣ 'ਚ ਲੱਗੀਆਂ ਹੋਈਆਂ ਹਨ, ਇਸ ਲਈ ਸਮੂਹ ਭਾਰਤੀਆਂ ਨੂੰ ਤੇ ਆਪਣੇ ਮੁਸਲਮਾਨ ਭਰਾਵਾਂ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਆਪਾਂ ਸਾਰੀਆਂ ਨੂੰ ਇਨ੍ਹਾਂ ਫਿਰਕਾਪ੍ਰਸਤਾਂ ਨੂੰ ਨਾਕਾਮ ਕਰਨ ਲਈ ਕੁਰਬਾਨੀ ਦੇਣ ਦੀ ਲੋੜ ਪਈ ਤਾਂ ਆਪਾਂ ਪਿੱਛੇ ਨਹੀਂ ਹਟਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਰਿਵਾਇਤਾਂ 'ਚ ਨਫਰਤ ਦੇ ਲਈ ਕੋਈ ਥਾਂ ਨਹੀਂ ਹੈ, ਜਿਹੜੇ ਵੀ ਲੋਕ ਪੰਜਾਬ 'ਚ ਧਰਮ ਦੇ ਨਾਮ 'ਤੇ ਨਫਰਤ ਫੈਲਾ ਕੇ ਅਪਣੀ ਸਿਆਸਤ ਚਮਕਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਲੁਧਿਆਣਾ ਤੋਂ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਚੌਧਰੀ ਮਦਨ ਲਾਲ ਬੱਗਾ, ਕੁਲਵੰਤ ਸਿੰਧੂ ਨੇ ਮੁਸਲਮਾਨ ਭਾਈਚਾਰੇ ਨੂੰ ਈਦ ਦੀ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਈਦ ਦਾ ਦਿਨ ਹਰ ਇੱਕ ਭਾਰਤੀ ਲਈ ਖੁਸ਼ੀ ਦਾ ਦਿਨ ਹੈ। ਉਨ੍ਹਾਂ ਕਿਹਾ ਕਿ ਜਾਮਾ ਮਸਜਿਦ ਤੋਂ ਹਮੇਸ਼ਾ ਹੀ ਪੰਜਾਬ 'ਚ ਅਮਨ ਤੇ ਖੁਸ਼ਹਾਲੀ ਲਈ ਕੰਮ ਕੀਤਾ ਗਿਆ ਹੈ। ਇਸ ਦੇਸ਼ 'ਚ ਈਦ ਦਾ ਤਿਉਹਾਰ ਸਾਰੇ ਧਰਮਾਂ ਦੇ ਲੋਕ ਮਿਲ-ਜੁਲ ਕੇ ਮਨਾਉਂਦੇ ਹਨ। ਇਸ ਮੌਕੇ ਅਸੀਂ ਪੰਜਾਬ ਸਰਕਾਰ ਵੱਲੋਂ ਸਾਰੇ ਮੁਸਲਮਾਨ ਭਰਾਵਾਂ ਨੂੰ ਈਦ ਦੀ ਮੁਬਾਰਕਬਾਦ ਦਿੰਦੇ ਹਾਂ।

ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਹੀਰਾ ਸਿੰਘ ਗਾਬੜੀਆ ਨੇ ਮੁਸਲਮਾਨ ਭਰਾਵਾਂ ਨੂੰ ਈਦ ਦੀ ਮੁਬਾਰਕਵਾਦ ਦਿੱਤੀ। ਇਸ ਰਾਜ ਪੱਧਰੀ ਸਮਾਗਮ 'ਚ ਈਦ ਦੀ ਮੁਬਾਰਕਬਾਦ ਦੇਣ ਲਈ ਗੁਰਦੁਆਰਾ ਦੁੱਖ ਨਿਵਾਰਣ ਸਾਹਿਬ ਦੇ ਮੁੱਖ ਸੇਵਾਦਾਰ ਪ੍ਰਿਤਪਾਲ ਸਿੰਘ ਦੇ ਸਪੁੱਤਰ ਗੁਰਪ੍ਰੀਤ ਸਿੰਘ ਵਿੰਕਲ, ਕਾਂਗਰਸੀ ਨੇਤਾ ਪਰਮਿੰਦਰ ਮਹਿਤਾ, ਅਮਨੀਸ਼ ਪਰਾਸ਼ਰ, ਗੁਲਾਮ ਹਸਨ ਕੈਸਰ, ਬਲਜੀਤ ਸਿੰਘ ਬਿੰਦਰਾ, ਅਸ਼ੋਕ ਗੁਪਤਾ, ਸ਼ਿੰਗਾਰਾ ਸਿੰਘ ਦਾਦ ਆਦਿ ਸ਼ਾਮਲ ਹੋਏ। ਇਸ ਮੌਕੇ ਸ਼ਾਹੀ ਇਮਾਮ ਪੰਜਾਬ ਨੇ ਲੁਧਿਆਣਾ ਪੁਲਸ ਤੇ ਨਗਰ ਨਿਗਮ ਵੱਲੋਂ ਕੀਤੇ ਗਏ ਪ੍ਰਬੰਧਾਂ ਲਈ ਧੰਨਵਾਦ ਦਾ ਪ੍ਰਗਟਾਵਾ ਕੀਤਾ।



ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)- ਰਾਏਕੋਟ ਵਿਖੇ ਮੁਸਲਿਮ ਭਾਈਚਾਰੇ ਵੱਲੋਂ ਵੱਡੀ ਗਿਣਤੀ 'ਚ ਇਕੱਠੇ ਹੋ ਕੇ ਬੱਸੀਆਂ ਰੋਡ ਵਿਖੇ ਸਥਿਤ ਈਦਗਾਹ ਵਿਖੇ ਈਦ ਦੀ ਨਮਾਜ ਅਦਾ ਕੀਤੀ ਗਈ। ਈਦ ਦੀ ਨਮਾਜ ਮੁਫਤੀ ਮੁਹੰਮਦ ਕਾਮਰਾਨ ਵੱਲੋਂ ਅਦਾ ਕਾਰਵਾਈ ਗਈ। ਇਸ ਮੌਕੇ ਮੁਸਲਿਮ ਭਾਈਚਾਰੇ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਮੌਲਵੀ ਮੁਹੰਮਦ ਮੱਖਣ ਨੇ ਕਿਹਾ ਕਿ ਈਦ ਦਾ ਤਿਉਹਾਰ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦਾ ਹੈ।

ਸਾਰੇ ਦੇਸ਼ ਵਾਸੀਆਂ ਨੂੰ ਮਿਲ ਜੁਲ ਕੇ ਇਹੋ ਜਿਹੇ ਤਿਉਹਾਰ ਮਨਾਉਣੇ ਚਾਹੀਦੇ ਹਨ। ਇਸ ਮੌਕੇ ਮੁਹੰਮਦ ਯਾਸੀਨ, ਮੁਹੰਮਦ ਇਕਬਾਲ ਬੱਬੂ, ਮੁਹੰਮਦ ਆਸਿਫ ਸੋਨੂ, ਕੌਂਲਰ ਮੁਹੰਮਦ ਇਮਰਾਨ, ਮੁਹੰਮਦ ਅਖਤਰ ਜੂਬੇਰੀ, ਹਾਜੀ ਮੁਹੰਮਦ ਸ਼ਮਸ਼ਾਦ, ਮੁਹੰਮਦ ਆਦਿਲ, ਬਾਬਾ ਇਰਫਾਨ ਸਾਬਰੀ, ਮੁਹੰਮਦ ਹਸੀਬ, ਮੁਹੰਮਦ ਸਹਿਦਾਬ, ਮੁਹੰਮਦ ਮਨਜਰ, ਮੁਹੰਮਦ ਮਾਸੂਮ, ਅਲੀ ਜੱਟਪੁਰਾ, ਬਿੱਲੂ ਖਾਨ ਜੌਹਲਾਂ, ਮੁਹੰਮਦ ਇਮਰਾਨ, ਮੁਹੰਮਦ ਕਬੀਰ, ਨਈਮ ਖਾਨ, ਸਾਬਰ ਅਲੀ ਬਰਮੀ, ਹਾਜੀ ਲਾਲਦੀਨ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਨਮਾਜੀ ਹਾਜ਼ਰ ਸਨ।

■ ਮੁਸਲਿਮ ਭਾਈਚਾਰੇ ਵੱਲੋਂ ਈਦ-ਉਲ-ਅਜਹਾ ਮੌਕੇ ਵੱਖ-ਵੱਖ ਥਾਈਂ ਅਦਾ ਕੀਤੀ ਨਮਾਜ਼

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)-ਸਥਾਨਕ ਸ਼ਹਿਰ ਦੇ ਰੇਲਵੇ ਰੋਡ 'ਤੇ ਸਥਿਤ 100 ਸਾਲ ਪੁਰਾਣੀ ਇਤਹਾਸਕ ਮਸਜਿਦ ਵਿਖੇ ਈਦ ਉਲ ਜੂਹਾ ਬਕਰੀਦ ਮੁਸਲਿਮ ਭਾਈਚਾਰੇ ਵੱਲੋਂ ਬਹੁਤ ਹੀ ਉਤਸ਼ਾਹ ਨਾਲ ਮਨਾਈ ਗਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਮੁਸਲਿਮ ਭਾਈਚਾਰੇ ਨੂੰ ਈਦ ਦੀ ਮੁਬਾਰਬਾਦ ਦਿੱਤੀ। ਇਸ ਦੌਰਾਨ ਇਮਾਮ ਹਾਫਿਜ਼ ਮੁਹੰਮਦ ਹਾਸ਼ਿਮ ਨੇ ਨਮਾਜ ਦੀ ਰਸਮ ਅਦਾ ਕੀਤੀ ਤੇ ਸਾਰਿਆਂ ਨੇ ਇੱਕ ਦੂਜੇ ਨੂੰ ਗਲੇ ਲਗਾ ਕੇ ਈਦ ਦੀ ਵਧਾਈ ਦਿੱਤੀ। ਇਸ ਮੌਕੇ ਹਨੀ ਫੱਤਣਵਾਲਾ ਨੇ ਸਾਰਿਆਂ ਨੂੰ ਈਦ ਦੀ ਵਧਾਈ ਦਿੱਤੀ, ਉੱਥੇ ਪੰਜਾਬ ਸਰਕਾਰ ਤੋਂ ਮੰਗ ਵੀ ਕੀਤੀ ਕਿ ਇਸ ਇਤਹਾਸਕ ਵਿਰਾਸਤ ਨੂੰ ਸੰਭਾਲਿਆ ਜਾਵੇ ਤੇ ਘੱਟੋ ਘੱਟ 50 ਲੱਖ ਰੁਪਏ ਇਸ ਖਸਤਾ ਹਾਲਤ ਹੋਈ ਮਸਜਿਦ ਦੀ ਮੁਰੰਮਤ ਲਈ ਦਿੱਤਾ ਜਾਵੇ। ਇਸ ਮੌਕੇ ਕਮੇਟੀ ਦੇ ਮੁਹੰਮਦ ਹਸਰਫ, ਪ੍ਰਧਾਨ ਡਾ. ਐੱਮ ਐੱਸ ਨੇਤਾ ਜੀ, ਸੈਕਟਰੀ ਅਕਬਰ ਅਲੀ, ਵਾਈਸ ਪ੍ਰਧਾਨ ਰਾਜਾ ਖਾ, ਕੈਸ਼ੀਅਰ ਡਾ. ਇਮਰਾਨ ਤੇ ਸਾਰੇ ਕਮੇਟੀ ਮੈਂਬਰ ਤੇ ਹਜ਼ਾਰਾਂ ਦੀ ਗਿਣਤੀ 'ਚ ਮੁਸਲਿਮ ਭਾਈਚਾਰੇ ਤੋਂ ਇਲਾਵਾ ਸਾਰੇ ਧਰਮਾਂ ਦੇ ਲੋਕ ਹਾਜ਼ਰ ਸਨ ਤੇ ਸਾਰਿਆਂ ਨੇ ਗਲੇ ਮਿਲ ਕੇ ਸਭ ਨੂੰ ਬਕਰੀਦ ਦੀ ਵਧਾਈ ਦਿੱਤੀ।

ਜੈਤੋ (ਸਤੀਸ਼ ਕੁਮਾਰ ਭੀਰੀ)-ਹਰ ਸਾਲ ਦੀ ਤਰ੍ਹਾਂ ਬਹੁਤ ਹੀ ਉਤਸ਼ਾਹ ਨਾਲ ਮਸਜਿਦ ਬਾਬਾ ਫਰੀਦ ਈਦਗਾਹ ਜੈਤੋ ਵਿਖੇ ਈਦ ਦਾ ਤਿਉਹਾਰ ਮਨਾਇਆ ਗਿਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਮੀਆਂ ਮੀਰ ਮੁਹੰਮਦ ਵੈੱਲਫੇਅਰ ਸੁਸਾਇਟੀ ਫਰੀਦਕੋਟ ਡਾਕਟਰ ਸਲੀਮ ਨੇ ਦੱਸਿਆ ਕਿ ਮੁਸਲਮਾਨ ਭਾਈਚਾਰੇ ਦੇ ਲੋਕਾਂ ਵੱਲੋਂ ਈਦ ਉੱਲ ਜੂਹਾ ਦਾ ਦਿਹਾੜਾ ਹੱਜ ਦੇ ਮਹੀਨੇ ਮਨਾਇਆ ਜਾਂਦਾ ਹੈ। ਨਮਾਜ ਅਦਾ ਕਰਨ ਮੌਕੇ ਡਾਕਟਰ ਮੁਹੰਮਦ ਰਿਜਵਾਨ, ਅਰਸ ਨੂਰ, ਮੁਹੰਮਦ ਨਜੀਰ, ਹੈਦਰ ਅਲੀ, ਭੋਲਾ ਖਾਨ, ਮੁਹੰਮਦ ਅਨਵਰ, ਮੁਹੰਮਦ ਮੁਸਤਾਕ, ਬਾਗੂ ਖਾਨ, ਸਰਬਜੀਤ ਖਾਨ, ਜ਼ੁਲਫਕਾਰ ਅਲੀ, ਮੁਬਾਰਕ ਖਾਨ, ਮੁਹੰਮਦ ਇਸਮਾਈਲ, ਕਾਲਾ ਸ਼ਰਮਾ, ਦੀਪਾ ਸ਼ਰਮਾ ਸਮੇਤ ਭਾਰੀ ਗਿਣਤੀ ਵਿੱਚ ਮੁਸਲਿਮ ਤੇ ਵੱਖ ਵੱਖ ਫਿਰਕੇ ਦੇ ਲੋਕ ਹਾਜ਼ਰ ਸਨ।

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਫਤਿਹਗੜ੍ਹ ਸਾਹਿਬ ਦੇ ਰੌਜ਼ਾ ਸ਼ਰੀਫ ਵਿਖੇ ਈਦ-ਉਲ-ਜੂਹਾ ਦਾ ਤਿਉਹਾਰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਇੱਕ ਦੂਜੇ ਨੂੰ ਗਲੇ ਮਿਲ ਕੇ ਪਵਿੱਤਰ ਤਿਉਹਾਰ ਦੀ ਵਧਾਈ ਦਿੱਤੀ। ਇਸ ਮੌਕੇ ਹਲਕਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾ ਸੰਬੋਧਨ ਕਰਦਿਆਂ ਕਿਹਾ ਕਿ ਧਾਰਮਿਕ ਤਿੱਥ ਤਿਉਹਾਰ ਸਾਨੂੰ ਜੋੜਨ ਦਾ ਕੰਮ ਕਰਦੇ ਹਨ। ਇਨ੍ਹਾਂ ਤਿਉਹਾਰਾਂ ਨੂੰ ਮਨਾਉਣ ਨਾਲ ਜਿੱਥੇ ਸਾਡੀ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਹੈ, ਉੱਥੇ ਹੀ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਾਡੇ ਸੱਭਿਆਚਾਰ ਸਬੰਧੀ ਵੀ ਜਾਣਕਾਰੀ ਮਿਲਦੀ ਹੈ। ਉਨ੍ਹਾ ਕਿਹਾ ਕਿ ਉਹ ਇਸ ਈਦ ਦੇ ਮੌਕੇ ਸਾਰੇ ਮੁਸਲਮਾਨ ਭਾਈਚਾਰੇ ਨੂੰ ਮੁਬਾਰਕਬਾਦ ਭੇਟ ਕਰਦੇ ਹਨ ਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਇਹ ਸਮਾਂ ਸਾਰਿਆਂ ਦੇ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤੀਸ਼ ਕੁਮਾਰ ਲਟੋਰ, ਪ੍ਰਿਤਪਾਲ ਜੱਸੀ, ਸਤਿੰਦਰ ਸਿੰਘ ਮਲਕਪੁਰ, ਪਵੇਲ ਕੁਮਾਰ ਹਾਂਡਾ, ਸਨੀ ਚੋਪੜਾ, ਤਰਸੇਮ ਉੱਪਲ, ਜਸਬੀਰ ਸਿੰਘ ਬੰਟੀ, ਅਰਸ਼ਦੀਪ ਸ਼ਰਮਾ ਥਾਣਾ ਮੁਖੀ ਫਤਿਹਗੜ੍ਹ ਸਾਹਿਬ ਆਦਿ ਹਾਜ਼ਰ ਸਨ।

ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)-ਸਥਾਨਕ ਗਾਹੂ ਪੱਤੀ ਵਿਖੇ ਸਥਿਤ ਜਾਮਾ ਮਸਿਜਦ ਵਿੱਚ ਮੁਸਲਿਮ ਭਾਈਚਾਰੇ ਵੱਲੋਂ ਈਦ-ਉੱਲ-ਅਜਹਾ ਮੌਕੇ ਨਮਾਜ ਅਦਾ ਕੀਤੀ ਗਈ ਤੇ ਇੱਕ-ਦੂਸਰੇ ਨੂੰ ਮਿਲ ਕੇ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਇਮਾਮ ਸਾਹਿਬ ਅਹਿਮਦ ਨੌਸਾਦ ਨੇ ਈਦ ਮਨਾਉਣ ਤੇ ਕੁਰਬਾਨੀ ਦੇ ਮਕਸਦ ਬਾਰੇ ਦੱਸਿਆ। ਇਸ ਮੌਕੇ ਇਸਲਾਮਿਕ ਚੈਰੀਟੇਬਲ ਸੁਸਾਇਟੀ ਲੌਂਗੋਵਾਲ ਦੇ ਪ੍ਰਧਾਨ ਸ਼ਬੀਰ ਖਾਂ, ਗੁੱਲ ਮੁਹੰਮਦ ਸਲਾਮਦੀਨ, ਨਵੀ ਖਾਂ, ਕਮੇਟੀ ਮੈਂਬਰ ਤੇ ਸਮੂਹ ਮੁਸਲਮ ਭਾਈਚਾਰੇ ਦੇ ਲੋਕ ਮੌਜੂਦ ਸਨ।

ਲੋਕ ਸੇਵਾ ਸੁਸਾਇਟੀ ਵੱਲੋਂ ਡਾਈਟ ਦਾ ਮੁਫ਼ਤ ਕੈਂਪ

ਜਗਰਾਉਂ, (ਸੰਜੀਵ ਅਰੋੜਾ, ਅਮਿਤ ਖੰਨਾ)-ਲੋਕ ਸੇਵਾ ਸੁਸਾਇਟੀ (ਰਜਿ:) ਜਗਰਾਉਂ ਵੱਲੋਂ ਸਵ: ਸੁਸ਼ੀਲ ਜੈਨ ਦੀ ਯਾਦ ਵਿੱਚ ਉਨ੍ਹਾਂ ਦੀ ਤੀਸਰੀ ਬਰਸੀ ਨੂੰ ਸਮਰਪਤ ਚਾਰ ਰੋਜ਼ਾ ਡਾਈਟ ਦਾ ਮੁਫ਼ਤ ਕੈਂਪ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਲਿੰਕ ਰੋਡ ਸਾਹਮਣੇ ਰੇਲਵੇ ਸਟੇਸ਼ਨ ਜਗਰਾਉਂ ਵਿਖੇ ਸ਼ੁਰੂ ਹੋਇਆ। ਸੁਸਾਇਟੀ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਹੇਠ ਸ਼ੁਰੂ ਹੋਏ ਕੈਂਪ ਦਾ ਉੱਘੇ ਸਮਾਜ ਸੇਵੀ ਰਾਜੇਸ਼ ਕਤਿਆਲ ਸਤਿਅਮ ਜਿਊਲਰਜ਼ ਨੇ ਉਦਘਾਟਨ ਕਰਦਿਆਂ ਕਿਹਾ ਕਿ ਤੰਦਰੁਸਤ ਸਿਹਤ ਲਈ ਹੈਲਦੀ ਭੋਜਨ ਬਹੁਤ ਜ਼ਰੂਰੀ ਹੈ। ਉਨ੍ਹਾ ਕਿਹਾ ਕਿ ਸਾਡੇ ਖਾਣ ਪੀਣ ਦੇ ਗਲਤ ਢੰਗ ਤਰੀਕੇ ਕਾਰਨ ਅਸੀਂ ਬਿਮਾਰੀਆਂ ਨਾਲ ਪੀੜਤ ਹਾਂ। ਕੈਂਪ ਵਿੱਚ ਡਾਇਟੀਸ਼ੀਅਨ ਨੀਨਾ ਮਿੱਤਲ ਨੇ ਕਿਹਾ ਕਿ ਬਹੁਤ ਸਾਰੀਆਂ ਅਜਿਹੀਆਂ ਬਿਮਾਰੀਆਂ ਹਨ, ਜਿਨ੍ਹਾਂ ਦਾ ਇਲਾਜ ਸਹੀ ਤਰੀਕੇ ਨਾਲ ਹੈਲਦੀ ਭੋਜਨ ਖਾਣ ਨਾਲ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ 1 ਜੁਲਾਈ ਤੱਕ ਰੋਜ਼ਾਨਾ ਸ਼ਾਮ 4 ਤੋਂ 7 ਵਜੇ ਤੱਕ ਕੋਈ ਵੀ ਵਿਅਕਤੀ ਆ ਕੇ ਭਾਰ ਘਟਾਉਣ, ਭਾਰ ਵਧਾਉਣ, ਸ਼ੂਗਰ, ਥਾਈਰੈਡ, ਕਣਕ ਤੋਂ ਐਲਰਜੀ, ਜਿਗਰ ਦੇ ਰੋਗ, ਦਿਲ ਦੇ ਰੋਗ, ਹੱਡੀਆਂ ਦੇ ਰੋਗਾਂ ਸਬੰਧੀ ਮੁਫ਼ਤ ਡਾਈਟ ਚਾਰਟ ਬਣਵਾ ਸਕਦਾ ਹੈ। ਇਸ ਮੌਕੇ ਚੇਅਰਮੈਨ ਗੁਲਸ਼ਨ ਅਰੋੜਾ, ਸਰਪ੍ਰਸਤ ਰਾਜਿੰਦਰ ਜੈਨ ਤੇ ਪ੍ਰਧਾਨ ਕੰਵਲ ਕੱਕੜ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ। ਇਸ ਮੌਕੇ ਹਰਸ਼ ਜੈਨ, ਪ੍ਰੋਜੈਕਟ ਰਾਜੀਵ ਗੁਪਤਾ, ਪ੍ਰੋਜੈਕਟ ਚੇਅਰਮੈਨ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਰਾਜਿੰਦਰ ਜੈਨ ਕਾਕਾ, ਵਿਨੋਦ ਬਾਂਸਲ, ਸੀਨੀਅਰ ਵਾਈਸ ਪ੍ਰਧਾਨ ਮਨੋਹਰ ਸਿੰਘ ਟੱਕਰ, ਆਰ. ਕੇ. ਗੋਇਲ, ਪ੍ਰਸ਼ੋਤਮ ਅਗਰਵਾਲ, ਮੁਕੇਸ਼ ਗੁਪਤਾ, ਅਨਿਲ ਮਲਹੋਤਰਾ, ਗੋਪਾਲ ਗੁਪਤਾ ਤੇ ਨੀਰਜ ਮਿੱਤਲ ਆਦਿ ਹਾਜ਼ਰ ਸਨ।

ਹਰਦੀਪ ਜੱਸੀ ਓ. ਬੀ. ਸੀ. ਸੈੱਲ ਦਾ ਚੇਅਰਮੈਨ ਨਿਯੁਕਤ

ਜਗਰਾਉਂ, (ਸੰਜੀਵ ਅਰੋੜਾ)-ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਹਰਦੀਪ ਜੱਸੀ ਨੂੰ ਪਾਰਟੀ ਹਾਈ ਕਮਾਨ ਨੇ ਓ. ਬੀ. ਸੀ. ਸੈੱਲ ਦਾ ਚੇਅਰਮੈਨ ਲਗਾਇਆ ਗਿਆ। ਓ. ਬੀ. ਸੀ. ਸੈੱਲ ਦੇ ਚੇਅਰਮੈਨ ਬਣਨ 'ਤੇ ਹਰਦੀਪ ਜੱਸੀ ਨੇ ਹਲਕਾ ਇੰਚਾਰਜ ਜਗਤਾਰ ਸਿੰਘ ਜੱਗਾ ਹਿੱਸੋਵਾਲ, ਸਾਬਕਾ ਜ਼ਿਲ੍ਹਾ ਪ੍ਰਧਾਨ ਕਰਨਜੀਤ ਸੋਨੀ ਗਾਲਿਬ, ਓ. ਬੀ. ਸੀ. ਸੈੱਲ ਦੇ ਚੇਅਰਮੈਨ ਰਾਜ ਬਕਸ਼ ਕੰਬੋਜ, ਓ. ਬੀ. ਸੀ. ਸੈੱਲ ਦੇ ਜ਼ਿਲ੍ਹਾ ਲੁਧਿਆਣਾ ਚੇਅਰਮੈਨ ਸਤਬੀਰ ਲਾਲੀ ਤੇ ਸਾਰੀ ਕਾਂਗਰਸ ਹਾਈਕਮਾਨ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਪਾਰਟੀ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਜਤਿੰਦਰਪਾਲ ਰਾਣਾ, ਬਲਾਕ ਪ੍ਰਧਾਨ ਹਰਪ੍ਰੀਤ ਧਾਲੀਵਾਲ, ਬਲਾਕ ਪ੍ਰਧਾਨ ਨਵਦੀਪ ਗਰੇਵਾਲ, ਕੌਂਸਲਰ ਰਾਵਿੰਦਰ ਪਾਲ ਰਾਜੂ, ਕੌਂਸਲਰ ਅਮਨ ਕਪੂਰ, ਕੌਂਸਲਰ ਹਿਮਾਂਸ਼ੂ ਮਲਿ

30-Jun-PAGE- 3 qxd.qxd 6/29/2023 10:30 PM Page 1

ਪੈਨਸ਼ਨਰਾਂ ਨੇ ਜਜ਼ੀਆ ਟੈਕਸ ਦੀਆਂ ਕਾਪੀਆਂ ਫੂਕ ਕੇ ਕੀਤਾ ਪਿੱਟ ਸਿਆਪਾ

ਅਮ੍ਰਿਤਸਰ (ਜਸਬੀਰ ਸਿੰਘ ਪੱਟੀ)- ਪੰਜਾਬ ਪੈਨਸ਼ਨਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਅੰਮ੍ਰਿਤਸਰ ਦੇ ਪੈਨਸ਼ਨਰਾਂ ਨੇ ਪ੍ਰਧਾਨ ਦਰਸ਼ਨ ਸਿੰਘ ਛੀਨਾ, ਜਨਰਲ ਸਕੱਤਰ ਸਤਿਆ ਪਾਲ ਗੁਪਤਾ, ਵਿਤ ਸਕੱਤਰ ਬਲਰਾਜ ਸਿੰਘ ਭੰਗੂ, ਸਰਪ੍ਰਸਤ ਚਮਨ ਲਾਲ, ਸਕੱਤਰ ਕੁਲਦੀਪ ਸਿੰਘ ਬੱਲ, ਜਥੇਬੰਦਕ ਸਕੱਤਰ ਕੁਲਵੰਤ ਸਿੰਘ ਘੁੱਕੇਵਾਲੀ, ਡਿਪਟੀ ਜਨਰਲ ਸਕੱਤਰ ਬਲਦੇਵ ਰਾਜ, ਅਡੀਟਰ ਰਾਮਮੂਰਤੀ, ਸਕੱਤਰ ਹਰਜੀਤ ਸਿੰਘ ਉਪਲ ਦੀ ਪ੍ਰਧਾਨੀ ਹੇਠ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ 'ਤੇ ਲਾਇਆ ਜਜੀਆ ਟੈਕਸ ਦੀਆਂ ਕਾਪੀਆਂ ਸਾੜ ਕੇ ਜ਼ੋਰਦਾਰ ਪਿੱਟ ਸਿਆਪਾ ਕੀਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ 2018 ਵਿਚ ਮੁਲਾਜ਼ਮਾਂ 'ਤੇ ਵਿਕਾਸ ਟੈਕਸ ਦੇ ਨਾਂ 'ਤੇ 200 ਰੁਪਏ ਜਜੀਆ ਟੈਕਸ ਲਾਇਆ ਸੀ ਹੁਣ ਆਪ ਸਰਕਾਰ ਵੀ ਕਾਂਗਰਸ ਸਰਕਾਰ ਵਾਂਗ ਮੜ੍ਹੀਆਂ ਦੇ ਰਾਹ ਚਲ ਪਈ ਹੈ। ਆਪ ਸਰਕਾਰ ਖਾਸ ਕਰਕੇ ਮੱਖ ਮੰਤਰੀ ਤੇ ਵਿਤ ਮੰਤਰੀ ਨੇ ਚੋਣਾਂ ਤੋਂ ਪਹਿਲਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਧਰਨਿਆਂ ਵਿਚ ਬੈਠ ਕੇ ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਦੀਆਂ ਤਖਤੀਆਂ ਫੜ ਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹੱਕ ਵਿਚ ਅਵਾਜ਼ ਬੁਲੰਦ ਕੀਤੀ ਸੀ ਪਰ ਅੱਜ ਸਭ ਕੁਝ ਭੁੱਲ ਗਏ ਹਨ। ਮੰਗਾਂ ਤਾਂ ਕੀ ਉਲਟਾ ਸਾਲ ਦਾ 2400 ਰੁਪਏ ਜਜੀਆ ਟੈਕਸ ਲਾ ਕੇ ਪੈਨਸ਼ਨਰਾਂ ਦੇ ਜ਼ਖਮਾਂ 'ਤੇ ਲੂਣ ਛਿੜਕਣ ਦਾ ਕੰਮ ਕੀਤਾ ਹੈ।

ਪੈਨਸ਼ਨਰਾਂ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਬਜ਼ੁਰਗ ਪੈਨਸ਼ਨਰਾਂ ਨੂੰ ਸੜਕਾਂ 'ਤੇ ਆਉਣ ਲਈ ਮਜਬੂਰ ਨਾ ਕਰੋ ਤੇ 200 ਰੁਪਏ ਟੈਕਸ ਵਾਲਾ ਪੱਤਰ ਵਾਪਸ ਲਵੇ ਨਹੀਂ ਤਾਂ ਇਸ ਦਾ ਖਮਿਆਜ਼ਾ ਭੁਗਤਣ ਲਈ ਤਿਆਰ ਰਹੇ। ਰੋਸ ਵਜੋਂ ਭਵਾਨੀ ਫੇਰ, ਸੁਖਦੇਵ ਸਿੰਘ ਪੱਟੀ, ਸੁਰਿੰਦਰ ਕੁਮਾਰ, ਤਿਲਕ ਰਾਜ, ਤੀਰਥ ਰਾਮ, ਪਰਮਜੀਤ ਸਿੰਘ ਨਿੱਝਰ, ਬਲਵੰਤ ਸਿੰਘ ਐਸ ਐਸ, ਬਲਦੇਵ ਸਿੰਘ ਭੋਮਾ, ਦੇਸਰਾਜ, ਬਲੌਰ ਸਿੰਘ ਆਦਿ ਪੈਨਸ਼ਨਰ ਹਾਜ਼ਰ ਹੋਏ।

ਨਰਿੰਦਰ ਨੂੰ ਧਮਕਾਉਣ ਵਾਲੇ ਨੂੰ ਗ੍ਰਿਫਤਾਰ ਕੀਤਾ ਜਾਏ

ਭਿੱਖੀਵਿੰਡ-ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਤਰਨ ਤਾਰਨ ਦੀ ਸਕੱਤਰ ਰੁਪਿੰਦਰ ਕੌਰ ਮਾੜੀਮੇਘਾ, ਬਲਾਕ ਦੀ ਸਕੱਤਰ ਹਰਜਿੰਦਰ ਕੌਰ ਅਲਗੋਂ ਤੇ ਪ੍ਰਧਾਨ ਵੀਰ ਕੌਰ ਸਾਂਡਪੁਰਾ ਨੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਅਲਗੋਂ ਨੂੰ ਗੁੰਡਿਆਂ ਵੱਲੋਂ ਡਰਾਉਣ ਧਮਕਾਉਣ ਤੇ ਮੁਹਾਲੀ ਜ਼ਿਲ੍ਹੇ ਦੇ ਖਰੜ ਵਿਖੇ ਝੂਠਾ ਕੇਸ ਦਰਜ ਕਰਨ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਨਰਿੰਦਰ ਸਿੰਘ ਕਿਰਤੀਆਂ ਦੇ ਹੱਕਾਂ ਦੀ ਅਵਾਜ਼ ਲਾਮਬੰਦ ਕਰਦਾ ਹੈ, ਖਾਸ ਕਰਕੇ ਉਹ ਨਰੇਗਾ ਕਾਮਿਆਂ ਨੂੰ ਕੰਮ ਦਿਵਾਉਣ ਤੇ ਉਨ੍ਹਾਂ ਦੇ ਖਾਤਿਆਂ ਵਿੱਚ ਪੈਸੇ ਪਵਾਉਣ ਲਈ ਉਚੇਚ ਕਰਦਾ ਹੈ ਕਿ ਕੋਈ ਬੇਈਮਾਨੀ ਤੇ ਹੇਰਾਫੇਰੀ ਨਾ ਹੋਵੇ। ਜਿਹੜੇ ਪਿੰਡਾਂ ਦੇ ਧਨਾਢ ਅਫਸਰਸ਼ਾਹੀ ਨਾਲ ਮਿਲ ਕੇ ਇਸ ਕੰਮ ਵਿੱਚ ਫਰਾਡ ਕਰਦੇ ਹਨ, ਉਨ੍ਹਾਂ ਨੂੰ ਇਹ ਨੇਕ ਕਾਰਜ ਚੁੱਭਦਾ ਹੈ। ਜਿਨ੍ਹਾਂ ਗੁੰਡਿਆਂ ਨੇ ਅਲਗੋਂ ਵਿਖੇ ਸ਼ੈੱਲਰ ਲਾਗੇ ਨਰਿੰਦਰ ਸਿੰਘ ਨੂੰ ਘੇਰ ਕੇ ਡਰਾਇਆ ਧਮਕਾਇਆ ਹੈ, ਉਹ ਇਹ ਹੀ ਕਹਿ ਰਹੇ ਸਨ ਕਿ ਜਾਂ ਤਾਂ ਇਹ ਕੰਮ ਛੱਡ ਦੇ ਨਹੀਂ ਤਾਂ ਤੇਰੇ ਨਾਲ ਇਸ ਤੋਂ ਵੀ ਬੁਰਾ ਸਲੂਕ ਹੋਵੇਗਾ। ਇਸਤਰੀ ਸਭਾ ਦੀਆਂ ਆਗੂਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਗੁੰਡਿਆਂ ਨੂੰ ਫੌਰੀ ਤੌਰ 'ਤੇ ਗ੍ਰਿਫਤਾਰ ਕਰਕੇ ਉਨ੍ਹਾਂ 'ਤੇ ਕੇਸ ਦਰਜ ਕੀਤਾ ਜਾਵੇ ਨਹੀਂ ਤਾਂ ਇਸਤਰੀ ਸਭਾ ਸੰਘਰਸ਼ ਕਰਨ ਵਾਸਤੇ ਮਜਬੂਰ ਹੋਵੇਗੀ।

ਡਾ. ਸੁਹਿੰਦਰਬੀਰ ਵੱਲੋਂ ਹੋਣਹਾਰ ਲੋੜਵੰਦ ਵਿਦਿਆਰਥੀਆਂ ਲਈ 5 ਲੱਖ ਦੀ ਮਦਦ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) - ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਸਾਬਕਾ ਪ੍ਰੋਫੈਸਰ ਡਾ. ਸੁਹਿੰਦਰਬੀਰ ਨੇ ਆਪਣੀ ਸਵਰਗਵਾਸੀ ਧਰਮ ਪਤਨੀ ਹਰਚਰਨ ਕੌਰ ਦੀ ਯਾਦ 'ਚ ਪੰਜਾਬੀ ਵਿਭਾਗ ਦੇ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫ਼ਾ ਪ੍ਰਦਾਨ ਕਰਨ ਹਿੱਤ ਪੰਜ ਲੱਖ ਰੁਪਏ ਦੀ ਰਾਸ਼ੀ ਯੂਨੀਵਰਸਿਟੀ ਨੂੰ ਭੇਟ ਕੀਤੀ ਹੈ। ਉਨ੍ਹਾ ਇਹ ਰਾਸ਼ੀ ਚੈੱਕ ਦੇ ਰੂਪ 'ਚ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਸਪਾਲ ਸਿੰਘ ਸੰਧੂ ਨੂੰ ਭੇਟ ਕੀਤੀ। ਇਸ ਮੌਕੇ ਯੂਨੀਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਪ੍ਰੋ. ਸਰਬਜੋਤ ਸਿੰਘ ਬਹਿਲ, ਰਜਿਸਟਰਾਰ ਪ੍ਰੋ. ਕਰਨਜੀਤ ਸਿੰਘ ਕਾਹਲੋਂ ਅਤੇ ਪੰਜਾਬੀ ਅਧਿਐਨ ਸਕੂਲ ਦੇ ਮੁਖੀ ਡਾ. ਮਨਜਿੰਦਰ ਸਿੰਘ ਵੀ ਹਾਜ਼ਰ ਸਨ। ਉਪ-ਕੁਲਪਤੀ ਡਾ. ਸੰਧੂ ਨੇ ਡਾ. ਸੁਹਿੰਦਰਬੀਰ ਵੱਲੋਂ ਵਿਦਿਆਰਥੀਆਂ ਦੀ ਭਲਾਈ ਲਈ ਕੀਤੇ ਗਏ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਯਤਨਾਂ ਸਦਕਾ ਮਾਂ ਬੋਲੀ ਪੰਜਾਬੀ 'ਚ ਉੱਚ ਵਿੱਦਿਆ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹ ਮਿਲੇਗਾ। ਵਧੇਰੇ ਜਾਣਕਾਰੀ ਸਾਂਝੀ ਕਰਦਿਆਂ ਪੰਜਾਬੀ ਅਧਿਐਨ ਸਕੂਲ ਦੇ ਮੁਖੀ ਡਾ. ਮਨਜਿੰਦਰ ਸਿੰਘ ਨੇ ਦੱਸਿਆ ਕਿ ਡਾ. ਸੁਹਿੰਦਰਬੀਰ ਵੱਲੋਂ ਭੇਟ ਕੀਤੀ ਗਈ ਇਸ ਰਾਸ਼ੀ ਨੂੰ ਸਵਰਗਵਾਸੀ ਹਰਚਰਨ ਕੌਰ ਦੇ ਨਾਂਅ 'ਤੇ ਇੱਕ ਐਂਡੋਮੈਂਟ ਫੰਡ ਕਾਇਮ ਕਰਦੇ ਹੋਏ ਫਿਕਸਡ ਡਿਪਾਜ਼ਿਟ ਕਰਵਾ ਦਿੱਤਾ ਜਾਵੇਗਾ ਅਤੇ ਇਸ ਤੋਂ ਹਰ ਸਾਲ ਪ੍ਰਾਪਤ ਹੋਣ ਵਾਲੇ ਵਿਆਜ ਦੀ ਰਾਸ਼ੀ ਨੂੰ ਪੰਜਾਬੀ ਵਿਭਾਗ ਦੇ ਚੋਣਵੇਂ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫ਼ੇ ਵਜੋਂ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾ ਪੰਜਾਬੀ ਵਿਭਾਗ ਦੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨ ਲਈ ਡਾ. ਸੁਹਿੰਦਰਬੀਰ ਵੱਲੋਂ ਕੀਤੇ ਗਏ ਇਸ ਕਾਰਜ ਲਈ ਉਨ੍ਹਾ ਦਾ ਧੰਨਵਾਦ ਕੀਤਾ।

ਵੋਟਰ ਸੂਚੀਆਂ ਦੀ ਸਪੈਸ਼ਲ ਸੁਧਾਈ ਦਾ ਕੰਮ 17 ਅਕਤੂਬਰ ਤੋਂ

ਗੁਰਦਾਸਪੁਰ, (ਜਨਕ ਮਹਾਜਨ)- ਭਾਰਤ ਚੋਣ ਕਮਿਸ਼ਨ ਵੱਲੋਂ ਯੋਗਤਾ ਮਿਤੀ 1 ਜਨਵਰੀ 2024 ਦੇ ਆਧਾਰ 'ਤੇ ਵੋਟਰ ਸੂਚੀਆਂ ਦੀ ਸਪੈਸ਼ਲ ਸੁਧਾਈ ਦਾ ਕੰਮ ਮਿਤੀ 17 ਅਕਤੂਬਰ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਧੀਕ ਜ਼ਿਲ੍ਹਾ ਚੋਣ ਅਧਿਕਾਰੀ ਸੁਭਾਸ਼ ਚੰਦਰ ਨੇ ਦੱਸਿਆ ਕਿ ਵੋਟਰ ਸੂਚੀ ਮੁਢਲੀ ਪ੍ਰਕਾਸ਼ਨਾ 17 ਅਕਤੂਬਰ ਨੂੰ ਕਰਵਾਈ ਜਾਵੇਗੀ। ਇਸ ਤੋਂ ਬਾਅਦ 17 ਅਕਤੂਬਰ ਤੋਂ 30 ਨਵੰਬਰ ਤੱਕ ਆਮ ਜਨਤਾ ਪਾਸੋਂ ਦਾਅਵੇ/ਇਤਰਾਜ਼ ਪ੍ਰਾਪਤ ਕੀਤੇ ਜਾਣਗੇ ਅਤੇ ਮਿਤੀ 21, 22 ਅਕਤੂਬਰ ਅਤੇ 18, 19 ਨਵੰਬਰ ਨੂੰ ਸਪੈਸ਼ਲ ਮੁਹਿੰਮ ਚਲਾਈ ਜਾਵੇਗੀ। ਇਨਾਂ ਮਿਤੀਆਂ ਨੂੰ ਬੀ.ਐਲ.ਓਜ਼ ਪੋਲਿੰਗ ਬੂਥਾਂ 'ਤੇ ਬੈਠ ਕੇ ਦਾਅਵੇ/ ਇਤਰਾਜ਼ ਪ੍ਰਾਪਤ ਕਰਨਗੇ। ਦਾਅਵੇ/ਇਤਰਾਜ਼ਾਂ ਦਾ ਨਿਪਟਾਰਾ ਮਿਤੀ 17 ਅਕਤੂਬਰ ਤੋਂ 26 ਦਸੰਬਰ ਤੱਕ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਮਿਤੀ 5 ਜਨਵਰੀ 2024 ਨੂੰ ਕੀਤੀ ਜਾਵੇਗੀ। ਵਧੀਕ ਜ਼ਿਲ੍ਹਾ ਚੋਣ ਅਧਿਕਾਰੀ ਨੇ ਜ਼ਿਲ੍ਹੇ ਦੇ ਸਮੂਹ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਨੂੰ ਹਦਾਇਤ ਕੀਤੀ ਹੈ ਕਿ ਚੋਣ ਕਮਿਸ਼ਨ ਦੇ ਨਿਰਧਾਰਤ ਸ਼ਡਿਊਲ ਅਨੁਸਾਰ ਗਤੀਵਿਧੀਆਂ ਸਮੇਂ ਸਿਰ ਮੁਕੰਮਲ ਕੀਤੀਆਂ ਜਾਣ।

ਘਰ ਦੇ ਬਾਹਰ ਖੜ੍ਹਾ ਮੋਟਰਸਾਈਕਲ ਚੋਰੀ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਘਰ ਦੇ ਬਾਹਰੋਂ ਤਾਲਾ ਤੋੜ ਕੇ ਮੋਟਰਸਾਈਕਲ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ। ਪ੍ਰਾਪਤ ਜਾਣਕਾਰੀ ਅਨੁਸਾਰ ਕਸਬਾ ਹਰਚੋਵਾਲ ਚੌਕ ਨੇੜੇ ਬਣੀ ਨਵੀਂ ਕਲੋਨੀ ਘਰ ਦੇ ਬਾਹਰ ਨਵਦੀਪ ਸਿੰਘ ਮੰਨੂ ਪੁੱਤਰ ਤਰਲੋਕ ਸਿੰਘ ਵਾਸੀ ਹਰਚੋਵਾਲ ਨੇ ਆਪਣੇ ਘਰ ਦੇ ਬਹਾਰ ਆਪਣਾ ਮੋਟਰਸਾਈਕਲ ਖੜ੍ਹਾ ਕਰ ਕੇ ਘਰ ਵਿੱਚ ਚਲਾ ਗਿਆ। ਰੋਜ਼ਾਨਾ ਦੀ ਤਰ੍ਹਾਂ ਗੇਟ ਅੱਗੇ ਮੋਟਰਸਾਈਕਲ ਖੜਾ ਕੀਤਾ ਹੋਇਆ ਸੀ। ਜਦ ਥੋੜੀ ਦੇਰ ਬਾਅਦ ਕਿਸੇ ਘਰੇਲੂ ਕੰਮ ਵਾਸਤੇ ਬਹਾਰ ਜਾਣ ਵਾਸਤੇ ਮੋਟਰਸਾਈਕਲ ਲੈਣ ਲੱਗਾ ਤਾਂ ਮੋਟਰਸਾਈਕਲ ਬਹਾਰ ਨਹੀਂ ਸੀ। ਜਦ ਮੰਨੂ ਵੱਲੋਂ ਇਧਰ ਉਧਰ ਮੋਟਰਸਾਈਕਲ ਦੀ ਭਾਲ ਕੀਤੀ ਜਾ ਰਹੀ ਸੀ ਤਾਂ ਅਚਾਨਕ ਉਸ ਨੂੰ ਖਿਆਲ ਆਇਆ ਕਿ ਕਿਉਂ ਨਾ ਸੀਸੀਟੀਵੀ ਕੈਮਰਿਆਂ ਰਾਹੀ ਦੇਖਿਆ ਜਾਵੇ। ਜਦ ਬਾਹਰ ਲੱਗੇ ਕੈਮਰਿਆਂ ਨੂੰ ਚੈੱਕ ਕੀਤਾ ਗਿਆ ਤਾਂ ਇੱਕ ਨੌਜਵਾਨ ਲੜਕਾ ਸਿਰ ਤੋਂ ਮੋਨਾ ਸੀ, ਉਸ ਦੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਿਹਾ ਸੀ ਜਿਸ ਦੀ ਤਸਵੀਰ ਕੈਮਰਿਆਂ 'ਚ ਦਿਖ ਰਹੀ ਸੀ। ਪੀੜਤ ਨੌਜਵਾਨ ਨੇ ਮੋਟਰਸਾਈਕਲ ਚੋਰੀ ਹੋ ਜਾਣ ਸਬੰਧੀ ਪੁਲਸ ਚੌਕੀ ਲਿਖਤੀ ਦਰਖਾਸਤ ਦੇ ਦਿੱਤੀ ਹੈ।

ਸੀ ਐੱਚ ਸੀ ਕਸੇਲ ਵਿਖੇ ਨਸ਼ਾ ਵਿਰੋਧੀ ਦਿਵਸ ਮਨਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੀਐਚਸੀ ਕਸੇਲ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਜਤਿੰਦਰ ਕੌਰ ਦੀ ਰਹਿਨੁਮਾਈ ਹੇਠ ਸੀਐਚਸੀ ਕਸੇਲ ਵਿਖੇ ਨਸ਼ਾ ਵਿਰੋਧੀ ਦਿਵਸ ਮਨਾਉਂਦਿਆਂ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਬੋਲਦਿਆਂ ਡਾਕਟਰ ਨਵਪ੍ਰੀਤ ਕੌਰ ਨੇ ਦੱਸਿਆ ਕਿ ਇਸ ਦਿਵਸ ਨੂੰ ਮਨਾਉਣ ਦਾ ਮੁੱਖ ਉਦੇਸ਼ ਨਸ਼ੇ ਦੇ ਆਦੀ ਵਿਅਕਤੀਆਂ ਨੂੰ ਨਸ਼ੇ ਦੀ ਦਲਦਲ 'ਚੋਂ ਬਾਹਰ ਕੱਢਣਾ ਹੈ। ਉਨ੍ਹਾਂ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਬਹੁਤ ਸਾਰੇ ਦੇਸ਼ਾਂ ਦੇ ਅਰਥਚਾਰਿਆਂ 'ਤੇ ਪਏ ਮਹੱਤਵਪੂਰਨ ਪ੍ਰਭਾਵਾਂ ਦੇ ਕਾਰਨ ਇਕ ਪ੍ਰਮੁੱਖ ਵਿਸ਼ਵਵਿਆਪੀ ਚਿੰਤਾ ਹੈ। ਉਨ੍ਹਾਂ ਦੱਸਿਆ ਕਿ ਨਸਾ ਇਕ ਬਿਮਾਰੀ ਹੈ ਜੋ ਕਿ ਨੌਜਵਾਨ ਨੂੰ ਆਪਣੀ ਜਕੜ ਵਿੱਚ ਲੈ ਕੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਦੀ ਹੈ ਅਤੇ ਉਨ੍ਹਾਂ ਨੂੰ ਗਲਤ ਰਸਤੇ 'ਤੇ ਤੁਰਨ ਲਈ ਮਜਬੂਰ ਹੋਣਾ ਪੈਂਦਾ ਹੈ। ਨਤੀਜੇ ਵਜੋਂ ਉਹ ਮੁਜਰਮ ਤੱਕ ਬਣ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਨੌਜਵਾਨਾਂ ਨੂੰ ਨਸ਼ਿਆਂ ਵਾਲੀ ਜ਼ਿੰਦਗੀ 'ਚੋਂ ਬਾਹਰ ਕੱਢ ਕੇ ਵਧੀਆ ਤੇ ਖੁਸ਼ਹਾਲ ਜ਼ਿੰਦਗੀ ਜਿਊਣ ਲਈ ਪੰਜਾਬ ਸਰਕਾਰ ਵੱਲੋਂ ਅਨੇਕਾਂ ਮੌਕੇ ਪੈਦਾ ਕੀਤੇ ਗਏ ਹਨ। ਨੌਜਵਾਨਾਂ ਨੂੰ ਇਨ੍ਹਾਂ ਦਾ ਲਾਭ ਉਠਾਉਂਦੇ ਹੋਏ ਸਰਕਾਰੀ ਹਸਪਤਾਲ ਦੇ ਮਾਹਿਰ ਡਾਕਟਰਾਂ ਤੋਂ ਆਪਣਾ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਮੌਕੇ ਰਾਹੁਲ ਅਰੋੜਾ, ਅਮਨਜੀਤ ਸਿੰਘ, ਅਸ਼ੋਕ ਕੁਮਾਰ, ਸ਼ਰਨਜੀਤ ਸਿੰਘ, ਗੁਰਬਿੰਦਰ ਸਿੰਘ, ਰਾਜਾ, ਜੰਗਪਾਲ ਸਿੰਘ, ਰਾਜਿੰਦਰ ਸਿੰਘ ਅਤੇ ਆਸ਼ਾ ਵਰਕਰ ਸਟਾਫ ਹਾਜ਼ਰ ਸੀ।

ਐਕਸਿਸ ਨਿਫਟੀ ਆਈ ਟੀ ਇੰਡੈਕਸ ਫੰਡ ਕੀਤਾ ਲਾਂਚ

ਲੁਧਿਆਣਾ : ਭਾਰਤ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਹੇ ਫੰਡ ਹਾਊਸਾਂ ਵਿੱਚੋਂ ਇੱਕ ਐਕਸਿਸ ਮਿਊਚੁਅਲ ਫੰਡ ਨੇ ਆਪਣੀ ਨਵੀਂ ਫੰਡ ਪੇਸ਼ਕਸ਼ ਐਕਸਿਸ ਨਿਫਟੀ ਆਈ ਟੀ ਇੰਡੈਕਸ ਫੰਡ ਨੂੰ ਲਾਂਚ ਕਰਨ ਦੀ ਘੋਸ਼ਣਾ ਕੀਤੀ ਹੈ , ਜੋ ਨਿਫਟੀ ਆਈ ਟੀ ਟੀ ਆਰ ਆਈ ਨੂੰ ਟਰੈਕ ਕਰਨ ਵਾਲਾ ਇੱਕ ਓਪਨ-ਐਂਡਡ ਇੰਡੈਕਸ ਫੰਡ ਹੈ । ਹਿਤੇਸ਼ ਦਾਸ (ਫੰਡ ਮੈਨੇਜਰ) ਫੰਡ ਦਾ ਪ੍ਰਬੰਧਨ ਕਰਨਗੇ। ਐਕਸਿਸ ਨਿਫਟੀ ਆਈ ਟੀ ਇੰਡੈਕਸ ਫੰਡ ਨਿਫਟੀ ਆਈ ਟੀ ਟੀ ਆਰ ਆਈ ਨੂੰ ਟ੍ਰੈਕ ਕਰੇਗਾ ਅਤੇ ਟਰੈਕਿੰਗ ਤਰੁਟੀਆਂ ਦੇ ਅਧੀਨ ਨਿਫਟੀ ਆਈ ਟੀ ਟੀ ਆਰ ਆਈ ਦੇ ਕੁੱਲ ਰਿਟਰਨ ਦੇ ਅਨੁਸਾਰੀ ਖਰਚਿਆਂ ਤੋਂ ਪਹਿਲਾਂ ਰਿਟਰਨ ਪ੍ਰਦਾਨ ਕਰਨ ਦਾ ਉਦੇਸ਼ ਰੱਖਦਾ ਹੈ । ਇੱਸ ਇੰਡੈਕਸ ਫੰਡ ਦਾ ਮੁੱਖ ਉਦੇਸ਼ ਪੋਰਟਫੋਲੀਓ ਦੇ ਰੂਪ ਵਿੱਚ ਸਟਾਕ ਮਾਰਕੀਟ ਇੰਡੈਕਸ ਨੂੰ ਦੁਹਰਾਉਣਾ ਹੈ। ਐਕਸਿਸ ਏ ਐਮ ਸੀ ਦੇ ਐਮ ਡੀ ਅਤੇ ਸੀ ਈ ਓ ਬੀ ਗੋਪਕੁਮਾਰ ਨੇ ਕਿਹਾ, "ਵੱਖ-ਵੱਖ ਸੈਕਟਰਾਂ ਵਿੱਚ ਟੈਕਨਾਲੋਜੀ ਰਾਹੀਂ ਤਬਦੀਲੀ ਲਿਆਉਣ ਵਿੱਚ ਸਾਡਾ ਭਾਰਤ ਮੋਹਰੀ ਰਿਹਾ ਹੈ। ਐਕਸਿਸ ਨਿਫਟੀ ਆਈਟੀ ਇੰਡੈਕਸ ਫੰਡ ਦੀ ਸ਼ੁਰੂਆਤ ਦੇ ਨਾਲ, ਅਸੀਂ ਆਪਣੇ ਉਤਪਾਦਾਂ ਦਾ ਵਿਸਤਾਰ ਕਰ ਰਹੇ ਹਾਂ "

ਟਾਟਾ ਏ ਆਈ ਏ ਨੇ ਵਟਸਐਪ ਅਤੇ ਯੂ ਪੀ ਆਈ ਦੁਆਰਾ ਉਦਯੋਗ ਦੀ ਪਹਿਲੀ ਪ੍ਰੀਮੀਅਮ ਭੁਗਤਾਨ ਸਹੂਲਤ ਕੀਤੀ ਪੇਸ਼

ਜਲੰਧਰ / ਅੰਮ੍ਰਿਤਸਰ : ' ਕੰਜ਼ਿਊਮਰ ਅੱਬਸੇਸ਼ਨ ਦੇ ਆਪਣੇ ਮੁੱਲ ਨੂੰ ਹੋਰ ਮਜ਼ਬੂਤ ਕਰਨ ਲਈ, ਟਾਟਾ ਏ ਆਈ ਏ ਲਾਈਫ ਇੰਸੋਰੈਂਸ (ਟਾਟਾ ਏ ਆਈ ਏ) ਨੇ ਵਟਸਐਪ ਅਤੇ ਯੂਨੀਫਾਈਡ ਪੇਮੈਂਟਸ ਇੰਟਰਫੇਸ ਰਾਹੀਂ ਡਿਜੀਟਲ ਭੁਗਤਾਨ ਸ਼ੁਰੂ ਕੀਤੇ ਹਨ। ਇਹ ਉਦਯੋਗ ਪਹਿਲੀ ਸਹੂਲਤ ਵਟਸਐਪ ਅਤੇ ਯੂਪੀਆਈ- ਸਮਰਥਿਤ ਭੁਗਤਾਨ ਵਿਕਲਪਾਂ ਰਾਹੀਂ ਤਤਕਾਲ ਪ੍ਰੀਮੀਅਮ ਭੁਗਤਾਨ ਦੀ ਸਹੂਲਤ ਪ੍ਰਦਾਨ ਕਰਦੀ ਹੈ। ਇਸ ਮੌਕੇ ਟਿੱਪਣੀ ਕਰਦੇ ਹੋਏ, ਟਾਟਾ ਏ ਆਈ ਏ

30-JUNE-PAGE-4.qxd 6/29/2023 10:42 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 30 ਜੂਨ 2023

ਪੱਤਰਕਾਰਾਂ 'ਤੇ ਪਹਿਰਾ

ਪੱਤਰਕਾਰਾਂ ਦਾ ਫ਼ਰਜ਼ ਹੁੰਦਾ ਹੈ ਕਿ ਉਹ ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਸਮਾਜ ਸਾਹਮਣੇ ਲਿਆਵੇ ਅਤੇ ਸੱਤਾਧਾਰੀ ਧਿਰ ਦੀਆਂ ਵਧੀਕੀਆਂ ਤੇ ਕਾਲੇ ਕਾਰਨਾਮਿਆਂ ਦਾ ਪਰਦਾ ਚਾਕ ਕਰਦੇ ਰਹਿਣ। ਇਸ ਲਈ ਉਨ੍ਹਾਂ ਨੂੰ ਸਰਕਾਰ ਤੇ ਜ਼ੋਰਾਵਰਾਂ ਦੇ ਅਤਾਬ ਦਾ ਨਿਸ਼ਾਨਾ ਬਣਨਾ ਪੈਂਦਾ ਹੈ। ਮੀਡੀਆ ਉੱਤੇ ਕਾਰਪੋਰੇਟ ਲੋਟੂਆਂ ਦਾ ਕਬਜ਼ਾ ਹੋ ਜਾਣ ਤੋਂ ਬਾਅਦ ਪੱਤਰਕਾਰਤਾ ਦੋ ਹਿੱਸਿਆਂ ਵਿੱਚ ਵੰਡੀ ਗਈ ਹੈ। ਇੱਕ ਉਹ ਪੱਤਰਕਾਰ ਹਨ ਜੋ ਸਰਕਾਰਾਂ ਤੇ ਸੱਤਾਧਾਰੀ ਜਮਾਤ ਦਾ ਗੁਣਗਾਣ ਕਰਕੇ ਐਸ਼ੋ-ਅਰਾਮ ਦੀ ਜ਼ਿੰਦਗੀ ਜਿਊਂਦੇ ਹਨ, ਤੇ ਦੂਜੇ ਉਹ ਜਿਹੜੇ ਆਪਣੀ ਜਾਨ ਜੋਖ਼ਮ ਵਿੱਚ ਪਾ ਕੇ ਇਸ ਪੇਸ਼ੇ ਦੀ ਪਵਿੱਤਰਤਾ ਨੂੰ ਜਿਊਂਦਾ ਰੱਖ ਰਹੇ ਹਨ। ਅਜਿਹੇ ਸੱਚ ਉੱਤੇ ਪਹਿਰਾ ਦੇਣ ਵਾਲੇ ਪੱਤਰਕਾਰਾਂ ਨੂੰ ਹਰ ਪਲ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਰਾਈਟਸ ਐਂਡ ਰਿਸਕ ਐਨਾਲਿਸਸ ਗਰੁੱਪ ਵੱਲੋਂ ਜਾਰੀ ਕੀਤੀ ਰਿਪੋਰਟ ਅਨੁਸਾਰ ਬੀਤੇ ਸਾਲ 2022 ਵਿੱਚ ਭਾਰਤ ਅੰਦਰ 194 ਪੱਤਰਕਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿਨ੍ਹਾਂ ਵਿੱਚ 7 ਔਰਤ ਪੱਤਰਕਾਰਾਂ ਸ਼ਾਮਲ ਸਨ। ਇਨ੍ਹਾਂ ਪੱਤਰਕਾਰਾਂ ਨੂੰ ਸਰਕਾਰੀ ਏਜੰਸੀਆਂ, ਸਿਆਸੀ ਧਿਰਾਂ, ਅਪਰਾਧੀਆਂ ਤੇ ਹਥਿਆਰਬੰਦ ਸਮੂਹਾਂ ਦਾ ਅਤਾਬ ਝੱਲਣਾ ਪਿਆ ਸੀ। ਇਨ੍ਹਾਂ ਵਿੱਚ ਜੰਮੂ-ਕਸ਼ਮੀਰ ਦੇ 48, ਤੇਲੰਗਾਨਾ ਦੇ 40, ਓਡੀਸ਼ਾ ਦੇ 14, ਯੂ ਪੀ ਦੇ 13, ਦਿੱਲੀ ਦੇ 12, ਪੱਛਮੀ ਬੰਗਾਲ ਦੇ 11, ਮੱਧ ਪ੍ਰਦੇਸ਼ ਤੇ ਮਣੀਪੁਰ ਦੇ 6-6, ਆਸਾਮ ਤੇ ਮਹਾਰਾਸ਼ਟਰ ਦੇ 5-5, ਬਿਹਾਰ, ਕਰਨਾਟਕ ਤੇ ਪੰਜਾਬ ਦੇ 4-4, ਛੱਤੀਸਗੜ੍ਹ, ਝਾਰਖੰਡ ਤੇ ਮੇਘਾਲਿਆ ਦੇ 3-3, ਆਂਧਰਾ, ਗੁਜਰਾਤ, ਹਰਿਆਣਾ, ਪੁਡੂਚੇਰੀ, ਰਾਜਸਥਾਨ, ਤ੍ਰਿਪੁਰਾ ਤੇ ਉੱਤਰਾਖੰਡ ਦੇ ਇੱਕ-ਇੱਕ ਪੱਤਰਕਾਰ ਸ਼ਾਮਲ ਸਨ।

ਰਿਪੋਰਟ ਅਨੁਸਾਰ 103 ਪੱਤਰਕਾਰਾਂ ਨੂੰ ਸਰਕਾਰ ਵੱਲੋਂ ਨਿਸ਼ਾਨਾ ਬਣਾਇਆ ਗਿਆ ਸੀ। ਇਨ੍ਹਾਂ ਵਿੱਚੋਂ 70 ਨੂੰ ਗ੍ਰਿਫ਼ਤਾਰ ਕੀਤਾ ਗਿਆ, 14 ਵਿਰੁੱਧ ਕੇਸ ਦਰਜ ਕੀਤੇ ਗਏ, 4 ਨੂੰ ਪੁਲਸ ਤੇ ਈ ਡੀ ਨੇ ਸੰਮਨ ਕੀਤਾ, 15 ਨੂੰ ਅਧਿਕਾਰੀਆਂ ਤੇ ਪੁਲਸ ਵੱਲੋਂ ਧਮਕੀਆਂ ਤੇ ਜਬਰ ਦਾ ਸਾਹਮਣਾ ਕਰਨਾ ਪਿਆ ਸੀ। ਪੱਤਰਕਾਰਾਂ ਵਿਰੁੱਧ ਦਰਜ 14 ਕੇਸਾਂ ਵਿੱਚ ਰਾਜਧ੍ਰੋਹ, ਮਾਣਹਾਨੀ, ਧਾਰਮਕ ਭਾਵਨਾਵਾਂ ਭੜਕਾਉਣ, ਵੱਖ-ਵੱਖ ਵਰਗਾਂ ਵਿੱਚ ਦੁਸ਼ਮਣੀ ਪੈਦਾ ਕਰਨ ਤੇ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਅੱਤਿਆਚਾਰ ਆਦਿ ਦੀਆਂ ਸੰਗੀਨ ਧਾਰਾਵਾਂ ਲਾਈਆਂ ਗਈਆਂ ਸਨ। ਤਿੰਨ ਪੱਤਰਕਾਰਾਂ ਅਕਾਸ਼ ਹੁਸੈਨ, ਸਨਾ ਇਰਸ਼ਾਦ ਭੱਟ ਤੇ ਰਾਣਾ ਅਯੂਬ ਨੂੰ ਅਧਿਕਾਰੀਆਂ ਨੇ ਬਦੇਸ਼ ਜਾਣ ਤੋਂ ਰੋਕ ਦਿੱਤਾ ਸੀ।

ਦੇਸ਼ ਭਰ ਵਿੱਚ 91 ਪੱਤਰਕਾਰਾਂ ਉੱਤੇ ਸਿਆਸੀ ਤੇ ਅਪਰਾਧੀ ਤੱਤਾਂ ਵੱਲੋਂ ਹਮਲੇ ਕੀਤੇ ਗਏ ਸਨ। ਇਨ੍ਹਾਂ ਅਪਰਾਧੀਆਂ ਵੱਲੋਂ 7 ਪੱਤਰਕਾਰਾਂ ਦੀ ਹੱਤਿਆ ਕੀਤੀ ਗਈ ਸੀ। ਗੈਰ ਸਮਾਜੀ ਤੱਤਾਂ ਵੱਲੋਂ ਸਭ ਤੋਂ ਵੱਧ ਹਮਲੇ ਓਡੀਸ਼ਾ ਤੇ ਯੂ ਪੀ ਵਿੱਚ (5-5) ਦਰਜ ਕੀਤੇ ਗਏ।

ਏਜੰਸੀ ਦੇ ਡਾਇਰੈਕਟਰ ਸੁਭਾਸ਼ ਚਕਮਾ ਮੁਤਾਬਕ ਬੀਤੇ ਵਰ੍ਹੇ ਦੌਰਾਨ ਪ੍ਰੈੱਸ ਦੀ ਅਜ਼ਾਦੀ ਦੀ ਸਥਿਤੀ ਲਗਾਤਾਰ ਵਿਗੜੀ ਹੈ। ਪੱਤਰਕਾਰਾਂ ਨੂੰ ਸਰਕਾਰੀ ਤੇ ਗੈਰ ਸਰਕਾਰੀ ਤੱਤਾਂ ਵੱਲੋਂ ਆਨਲਾਈਨ ਤੇ ਆਫ਼ਲਾਈਨ ਹਮਲਿਆਂ ਦਾ ਲਗਾਤਾਰ ਸਾਹਮਣੇ ਕਰਨਾ ਪੈ ਰਿਹਾ ਹੈ।

ਇੱਕ ਹੋਰ ਰਿਪੋਰਟ 'ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ' ਵੱਲੋਂ ਦਸੰਬਰ 2022 ਵਿੱਚ ਜਾਰੀ ਕੀਤੀ ਗਈ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਮੌਜੂਦਾ ਸਮੇਂ ਵਿੱਚ 363 ਪੱਤਰਕਾਰ ਆਪਣੀ ਅਜ਼ਾਦੀ ਤੋਂ ਵਾਂਝੇ ਹਨ। ਇਸ ਕਮੇਟੀ ਨੇ ਆਪਣੀ ਜੇਲ੍ਹਾਂ ਸੰਬੰਧੀ ਰਿਪੋਰਟ ਵਿੱਚ ਕਿਹਾ ਸੀ ਕਿ ਇਹ ਅੰਕੜਾ ਪਿਛਲੇ ਸਾਲ ਦੀ ਤੁਲਨਾ ਵਿੱਚ 20 ਫ਼ੀਸਦੀ ਵੱਧ ਹੈ।

ਕੰਮਕਾਜੀ ਔਰਤਾਂ ਕਿਉਂ ਛੱਡ ਰਹੀਆਂ ਹਨ ਨੌਕਰੀਆਂ ?

ਗੁਰਮੀਤ ਸਿੰਘ ਪਲਾਹੀ

ਕੰਮਕਾਜੀ ਔਰਤਾਂ ਸਬੰਧੀ ਛਪੇ ਇੱਕ ਸਰਵੇਖਣ ਅਨੁਸਾਰ 131 ਦੇਸ਼ਾਂ ਦੀ ਸੂਚੀ ਵਿੱਚ ਭਾਰਤ ਦੀ ਕੰਮਕਾਜੀ ਔਰਤਾਂ ਦੀ ਭਾਗੀਦਾਰੀ 'ਚ 120ਵੀਂ ਥਾਂ ਹੈ। ਬਹੁਤ ਸਾਰੀਆਂ ਕੰਮਕਾਜੀ ਔਰਤਾਂ ਨੌਕਰੀਆਂ ਛੱਡ ਰਹੀਆਂ ਹਨ। ਵਿਚਕਾਰਲੀਆਂ ਪ੍ਰਬੰਧਨ ਨੌਕਰੀਆਂ ਨੂੰ ਤਿਲਾਂਜਲੀ ਦੇਣ ਵਾਲੀਆਂ ਔਰਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਾਂ ਜ਼ਿਆਦਾ ਹੈ।

ਪੁਰਸ਼ ਪ੍ਰਧਾਨ ਭਾਰਤੀ ਸਮਾਜ 'ਚ ਔਰਤਾਂ ਦੀ ਸ਼ਖ਼ਸੀ ਆਜ਼ਾਦੀ ਦਾ ਪਹੀਆ ਉਲਟਾ ਘੁੰਮ ਰਿਹਾ ਹੈ। ਪੁਰਸ਼ਾਂ ਦੀ ਜਕੜ ਹੋਰ ਪੱਕੀ-ਪੀਢੀ ਹੋ ਰਹੀ ਹੈ। ਸਾਲ 2005 ਵਿੱਚ ਔਰਤਾਂ ਦੀ ਨੌਕਰੀਆਂ 'ਚ ਹਿੱਸੇਦਾਰੀ 27 ਫ਼ੀਸਦੀ ਸੀ, ਜਿਹੜੀ ਡਿੱਗ ਕੇ ਹੁਣ 23 ਫ਼ੀਸਦੀ ਰਹਿ ਗਈ ਹੈ, ਜਦਕਿ ਔਰਤਾਂ ਪੜ੍ਹਾਈ ਦੇ ਖੇਤਰ 'ਚ ਲਗਾਤਾਰ ਅੱਗੇ ਵਧ ਰਹੀਆਂ ਹਨ, ਵੱਡੀਆਂ ਡਿਗਰੀਆਂ ਪ੍ਰਾਪਤ ਕਰ ਰਹੀਆਂ ਹਨ, ਨੌਕਰੀਆਂ ਲਈ ਮੁਕਾਬਲੇ ਦੇ ਇਮਤਿਹਾਨਾਂ 'ਚ ਮੋਹਰੀ ਥਾਂ ਬਣਾ ਰਹੀਆਂ ਹਨ।

ਮੱਧ ਵਰਗੀ ਕੰਮਕਾਜੀ ਔਰਤਾਂ ਦੇ ਨੌਕਰੀ ਛੱਡਣ ਦੇ ਬੁਨਿਆਦੀ ਕਾਰਨਾਂ 'ਚ ਸਭ ਤੋਂ ਪ੍ਰਮੁੱਖ ਇਹ ਹੈ ਕਿ ਦੇਸ਼ ਵਿੱਚ ਮਾਹਰ ਮਰਦਾਂ ਅਤੇ ਔਰਤਾਂ 'ਚ ਬਰਾਬਰ ਦੀ ਕੁਸ਼ਲਤਾ ਹੋਣ 'ਤੇ ਵੀ ਉਨ੍ਹਾਂ ਨੂੰ ਬਰਾਬਰ ਦੀ ਤਨਖਾਹ ਨਹੀਂ ਮਿਲਦੀ ਜਾਂ ਉਹਨਾਂ ਨੂੰ ਨੌਕਰੀਆਂ 'ਚ ਬਰਾਬਰ ਦੇ ਮੌਕੇ ਨਹੀਂ ਮਿਲਦੇ ਅਤੇ ਨਾ ਹੀ ਬਰਾਬਰ ਦੀਆਂ ਤਰੱਕੀਆਂ ਮਿਲਦੀਆਂ ਹਨ। ਦੂਜਾ ਯੌਨ ਹਿੰਸਾ ਦਾ ਜੋਖਮ ਹੈ, ਜਿਸ 'ਚ ਦੇਸ਼ ਭਾਰਤ ਮੋਹਰੀ ਦੇਸ਼ਾਂ ਵਿਚੋਂ ਇੱਕ ਹੈ। ਲਿੰਗਕ ਨਾ-ਬਰਾਬਰੀ ਵਾਲਾ ਪੁਰਸ਼ ਪ੍ਰਧਾਨ ਭਾਰਤੀ ਸਮਾਜ ਚਾਹੁੰਦਾ ਹੈ ਕਿ ਔਰਤਾਂ ਘਰ 'ਚ ਰਹਿਣ। ਉਹਨਾਂ ਦਾ ਮੁੱਖ ਕੰਮ ਘਰ ਦੀ ਚਾਰ-ਦੀਵਾਰੀ ਅੰਦਰ ਹੈ। ਰੰਗੜਿਊ ਮਰਦ ਚਾਹੁੰਦੇ ਹਨ ਕਿ ਔਰਤਾਂ ਰਸੋਈ 'ਚ ਕੰਮ ਕਰਨ, ਬੱਚਿਆਂ ਦੀ ਦੇਖਭਾਲ ਕਰਨ ਅਤੇ ਸਿਰਫ਼ ਕੰਮ-ਚਲਾਊ ਸਿੱਖਿਆ ਹੀ ਹਾਸਲ ਕਰਨ।

ਭਾਵੇਂ ਕਿ ਸੰਯੁਕਤ ਰਾਸ਼ਟਰ ਮਰਦਾਂ, ਔਰਤਾਂ ਦੀ ਬਰਾਬਰੀ ਦੀ ਗੱਲ ਕਰਦਾ ਹੈ, ਪਰ ਇਸ ਸਭ ਕੁਝ ਦੇ ਬਾਵਜੂਦ ਵਿਸ਼ਵ ਭਰ 'ਚ 2.7 ਅਰਬ ਲੋਕਾਂ ਤੋਂ ਵੀ ਵੱਧ ਔਰਤਾਂ ਕਾਨੂੰਨੀ ਰੂਪ ਵਿੱਚ ਪੁਰਸ਼ਾਂ ਦੇ ਬਰਾਬਰ ਨੌਕਰੀਆਂ ਦੀ ਚੋਣ ਤੋਂ ਬਾਹਰ ਹਨ। ਬਹੁਤ ਸਾਰੇ ਦੇਸ਼ ਦੁਨੀਆ ਭਰ 'ਚ ਇਹੋ ਜਿਹੇ ਹਨ, ਜਿਥੇ ਔਰਤਾਂ ਨੂੰ ਨੌਕਰੀਆਂ ਕਰਨ 'ਤੇ ਪਾਬੰਦੀ ਹੈ। ਇਥੇ ਹੀ ਬੱਸ ਨਹੀਂ ਦੁਨੀਆ 'ਚ 59 ਦੇਸ਼ ਇਹੋ ਜਿਹੇ ਹਨ, ਜਿਥੇ ਯੌਨ ਉਤਪੀੜਨ ਸੰਬੰਧੀ ਕੋਈ ਕਾਨੂੰਨ ਹੀ ਨਹੀਂ। ਵਿਸ਼ਵ ਪੱਧਰ 'ਤੇ ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਤਨਖਾਹ ਨਹੀਂ ਮਿਲਦੀ। 40 ਫ਼ੀਸਦੀ ਔਰਤਾਂ ਇਹੋ ਜਿਹੀਆਂ ਹਨ, ਜਿਹਨਾਂ ਨੂੰ ਸਮਾਜਿਕ ਸੁਰੱਖਿਆ ਨਹੀਂ ਹੈ। ਦੁਨੀਆ ਭਰ 'ਚ ਸਿਰਫ਼ 58 ਫ਼ੀਸਦੀ ਔਰਤਾਂ ਦੀ ਹੀ ਬੈਂਕਾਂ ਆਦਿ ਤੱਕ ਪਹੁੰਚ ਹੈ। ਕੰਮਕਾਜੀ ਦੁਨੀਆ 'ਚ ਛੋਟੀਆਂ, ਵੱਡੀਆਂ, ਬਜ਼ੁਰਗ, ਪੜ੍ਹੀਆਂ, ਲਿਖੀਆਂ, ਅਨਪੜ੍ਹ ਹਰ ਵਰਗ ਦੀਆਂ ਔਰਤਾਂ ਦਾ ਕੰਮਾਂ ਦੀ ਥਾਂ 'ਤੇ ਸ਼ੋਸ਼ਣ ਅਤੇ ਕਈ ਹਾਲਤਾਂ 'ਚ ਯੌਨ ਸ਼ੋਸ਼ਣ ਹੁੰਦਾ ਹੈ।

ਅੰਤਰਰਾਸ਼ਟਰੀ ਲੇਬਰ ਸੰਗਠਨ ਦੀ ਇੱਕ ਰਿਪੋਰਟ ਪੜ੍ਹਨ ਵਾਲੀ ਹੈ। ਇਹ ਦਰਸਾਉਂਦੀ ਹੈ ਕਿ ਦੁਨੀਆ ਦੇ 64 ਦੇਸ਼ਾਂ ਦੀਆਂ ਸਾਰੀਆਂ ਔਰਤਾਂ ਰੋਜ਼ਾਨਾ 1640 ਕਰੋੜ ਘੰਟੇ ਬਿਨਾਂ ਉਜਰਤ ਕੰਮ ਕਰਦੀਆਂ ਹਨ। ਦੁਨੀਆ ਦੀਆਂ 25.8 ਕਰੋੜ ਪ੍ਰਵਾਸੀਆਂ ਵਿਚੋਂ ਲਗਭਗ 50 ਫ਼ੀਸਦੀ ਕੰਮਕਾਜੀ ਔਰਤਾਂ ਹਨ, ਜੋ ਆਪਣੇ ਦੇਸ਼ਾਂ ਤੋਂ ਬਾਹਰ ਰਹਿੰਦੀਆਂ ਹਨ। ਇਹਨਾਂ ਔਰਤਾਂ ਨੂੰ ਬਿਹਤਰ ਰੁਜ਼ਗਾਰ ਪ੍ਰਾਪਤੀ ਲਈ ਰੂੜ੍ਹੀਵਾਦੀ ਸੋਚ ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਹਨਾਂ ਦੀ ਨੌਕਰੀਆਂ 'ਚ ਚੋਣ ਅਤੇ ਅੱਗੋਂ ਕੰਮ ਕਰਨ 'ਚ ਇਹ ਸੋਚ ਰੁਕਾਵਟ ਬਣਦੀ ਹੈ।

ਪ੍ਰਾਪਤ ਜਾਣਕਾਰੀਆਂ, ਸਰਵੇ ਰਿਪੋਰਟਾ ਦੱਸਦੀਆਂ ਹਨ ਕਿ ਭਾਰਤ ਵਿੱਚ ਕੰਮਕਾਜ ਵਿੱਚ ਔਰਤਾਂ ਦੀ ਹਿੱਸੇਦਾਰੀ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ। ਇਸ ਦਾ ਮੁੱਖ ਕਾਰਨ ਅਰਥ ਵਿਵਸਥਾ ਦੇ ਸੰਕਟ ਨਾਲ ਜੁੜਿਆ ਹੋਇਆ ਹੈ, ਕਿਉਂਕਿ ਵੱਡੀ ਗਿਣਤੀ ਔਰਤਾਂ ਕੋਲ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਕੰਮ ਹੀ ਕੋਈ ਨਹੀਂ ਅਤੇ ਉਹਨਾਂ ਦੀ ਕੰਮ-ਸ਼ਕਤੀ ਅਜਾਈਂ ਜਾ ਰਹੀ ਹੈ।

ਇਸੇ ਤਰ੍ਹਾਂ ਘਰੇਲੂ ਦਬਾਅ ਕਾਰਨ ਨੌਕਰੀ-ਪੇਸ਼ਾ ਭਾਰਤੀ ਔਰਤਾਂ ਹਰ ਸਮੇਂ ਮਾਨਸਕ ਅਤੇ ਸਰੀਰਕ ਰੂਪ 'ਚ ਥੱਕੀਆਂ ਮਹਿਸੂਸ ਕਰਦੀਆਂ ਹਨ। ਭਾਰਤੀ ਔਰਤਾਂ ਉਤੇ ਘਰੇਲੂ ਜ਼ਿੰਮੇਵਾਰੀਆਂ ਦਾ ਭਾਰੀ ਬੋਝ ਰਹਿੰਦਾ ਹੈ। ਸਹੁਰੇ ਘਰਾਂ 'ਚ ਨਿਵਾਸ ਕਰਦੀਆਂ ਸਾਂਝੇ ਪਰਵਾਰ 'ਚ ਰਹਿੰਦੀਆਂ ਕੰਮਕਾਜੀ ਔਰਤਾਂ ਉਤੇ ਤਾਂ ਮਾਨਸਕ ਦਬਾਅ ਹੋਰ ਵੀ ਵਧਿਆ ਰਹਿੰਦਾ ਹੈ। ਵੇਖਣ ਵਿੱਚ ਤਾਂ ਇਹ ਵੀ ਆਉਂਦਾ ਹੈ ਕਿ ਰੂੜ੍ਹੀਵਾਦੀ ਸੋਚ ਵਾਲੇ ਲੋਕ ਔਰਤਾਂ ਨੂੰ ਨੌਕਰੀ ਕਰਨ ਦੇ ਹੱਕ 'ਚ ਨਹੀਂ ਰਹਿੰਦੇ।

ਭਾਰਤ ਵਿੱਚ ਪਿਛਲੇ ਇੱਕ ਦਹਾਕੇ 'ਚ 1096 ਕਰੋੜ ਔਰਤਾਂ ਨੇ ਨੌਕਰੀਆਂ ਗੁਆਈਆਂ ਜਾਂ ਛੱਡੀਆਂ ਹਨ। ਇੰਜੀਨੀਰਿੰਗ ਤੇ ਮੈਡੀਕਲ ਖੇਤਰਾਂ 'ਚ ਔਰਤਾਂ ਦਾ 30 ਤੋਂ 45 ਫੀਸਦੀ ਤੱਕ, ਆਈ.ਆਈ.ਟੀ. ਖੇਤਰ 'ਚ ਪ੍ਰਵੇਸ਼ ਸਮੇਂ 20.8 ਫ਼ੀਸਦੀ ਅੱਛਾ-ਖਾਸਾ ਪ੍ਰੀਖਿਆ ਯੋਗਤਾ ਪਾਸ ਕਰਨ 'ਚ ਹਿੱਸੇਦਾਰੀ ਹੁੰਦੀ ਹੈ, ਪਰ ਨੌਕਰੀ ਵੇਲੇ ਤਾਂ ਆਈ ਆਈ ਟੀ ਹਿੱਸੇਦਾਰੀ 8 ਤੋਂ 9 ਫ਼ੀਸਦੀ ਹੀ ਰਹਿ ਜਾਂਦੀ ਹਠ। ਅਸਲ 'ਚ ਵਿਆਹ ਵੇਲੇ ਮਰਦ ਸ਼ਰਤ ਹੀ ਇਹ ਲਾਉਂਦੇ ਹਨ ਕਿ ਉਹਨਾਂ ਦੀ ਘਰਵਾਲੀ ਨੌਕਰੀ ਨਹੀਂ ਕਰੇਗੀ।

ਅੱਜ ਔਰਤਾਂ ਉਦਯੋਗ, ਪ੍ਰਸ਼ਾਸਨ, ਰਾਜਨੀਤੀ ਆਦਿ ਸਭ ਥਾਈਂ ਕੰਮ ਕਰਦੀਆਂ ਹਨ। ਨੌਕਰੀਆਂ ਕਾਰਨ ਜਦੋਂ ਕਿ ਇੱਕ ਪਾਸੇ ਉਹਨਾਂ ਹਾਲਤਾਂ ਵਿੱਚ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ, ਪਰ ਉਹਨਾਂ ਦੀਆਂ ਸਮੱਸਿਆਵਾਂ ਵੀ ਵਧ ਰਹੀਆਂ ਹਨ। ਕਿਉਂਕਿ ਨੌਕਰੀਆਂ ਕਾਰਨ ਔਰਤਾਂ ਨੂੰ ਘਰੋਂ ਬਾਹਰ ਰਹਿਣਾ ਪੈਂਦਾ ਹੈ। ਸਿੱਟੇ ਵਜੋਂ ਉਸ ਉਤੇ ਮਾਨਸਿਕ ਅਤੇ ਸਰੀਰਕ ਬੋਝ ਵਧਦਾ ਹੈ। ਕਈ ਹਾਲਤਾਂ ਵਿੱਚ ਜਦੋਂ ਉਹਨਾ ਤੇ ਨੌਕਰੀ ਦਾ ਭਾਰ ਵਧਦਾ ਹੈ ਤਾਂ ਪਰਿਵਾਰਕ ਸਥਿਤੀ ਡਾਵਾਂਡੋਲ ਹੁੰਦੀ ਹੈ। ਵੱਡੀ ਗਿਣਤੀ ਔਰਤਾਂ ਦਾ ਨੌਕਰੀ ਆਪਣੀ ਆਜ਼ਾਦੀ ਅਤੇ ਚੰਗੀ ਪਛਾਣ ਲਈ ਵੀ ਨੌਕਰੀ ਕਰਦੀਆਂ ਹਨ। ਪਰ ਕੰਮ ਦੀਆਂ ਥਾਵਾਂ ਉਤੇ ਉਹ ਯੌਨ ਸੋਸ਼ਣ, ਲਿੰਗ ਭੇਦਭਾਵ ਅਤੇ ਅਸੁਰੱਖਿਆ ਉਹਨਾ ਲਈ ਨੌਕਰੀ ਲਈ ਰੁਕਾਵਟ ਬਣਦੀ ਹੈ। ਜਿਸ ਨਾਲ ਉਹਨਾ ਦਾ ਮਨੋਬਲ ਡਿੱਗਦਾ ਹੈ ਅਤੇ ਉਹ ਘਰ ਬੈਠਣ ਲਈ ਮਜ਼ਬੂਰ ਹੋ ਜਾਂਦੀਆਂ ਹਨ।

ਇਸ ਸਥਿਤੀ ਦੇ ਮੱਦੇਨਜ਼ਰ ਕੰਮਕਾਜੀ ਔਰਤਾਂ ਪ੍ਰਤੀ ਭਾਰਤ ਵਿੱਚ ਕੁਝ ਤੱਥ ਗੰਭੀਰ ਧਿਆਨ ਦੀ ਮੰਗ ਕਰਦੇ ਹਨ:-

* ਭਾਰਤ ਵਿੱਚ 66 ਫ਼ੀਸਦੀ ਤੋਂ ਜ਼ਿਆਦਾ ਨੌਜਵਾਨ ਔਰਤਾਂ ਘਰੇਲੂ ਜ਼ੁੰਮੇਵਾਰੀਆਂ ਨਿਭਾਉਂਦੀਆਂ ਹਨ।

*ਭਾਰਤ ਦੀਆਂ ਕੁੱਲ ਕੰਮਕਾਜੀ ਔਰਤਾਂ ਵਿੱਚ 63 ਫ਼ੀਸਦੀ ਖੇਤੀ ਦੇ ਕੰਮਾਂ 'ਚ ਲੱਗੀਆਂ ਹਨ।

*ਭਾਰਤੀ ਔਰਤਾਂ ਦੀ ਲੇਬਰ ਦੇ ਕੰਮਾਂ 'ਚ ਭਾਗੀਦਾਰੀ 2005 ਵਿੱਚ 32 ਫ਼ੀਸਦੀ ਸੀ ਅਤੇ 2021 'ਚ ਇਹ 19 ਫ਼ੀਸਦੀ ਰਹਿ ਗਈ। ਭਾਵ ਪਿਛਲੇ ਦੋ ਦਹਾਕਿਆਂ 'ਚ ਇਹ ਕਾਫੀ ਘਟ ਗਈ।

* ਵੱਡੀ ਗਿਣਤੀ ਭਾਰਤੀ ਔਰਤਾਂ ਨੂੰ ਕੰਮ ਬਦਲੇ ਕੋਈ ਮਜ਼ਦੂਰੀ ਨਹੀਂ ਮਿਲਦੀ। ਇਸ ਕੰਮ ਵਿੱਚ ਘਰੇਲੂ ਕੰਮ, ਬਾਲਣ ਇਕੱਠਾ ਕਰਨਾ, ਪਰਵਾਰ 'ਚ ਖੇਤੀਬਾੜੀ ਦੇ ਕੰਮ 'ਚ ਹੱਥ ਵਟਾਉਣਾ ਆਦਿ ਸ਼ਾਮਲ ਹੈ।

ਭਾਰਤ ਦੀ ਕੁੱਲ ਆਬਾਦੀ 140 ਕਰੋੜ ਪਹੁੰਚ ਚੁੱਕੀ ਹੈ ਅਤੇ ਇਸ ਵਿੱਚ ਔਰਤਾਂ ਦੀ ਗਿਣਤੀ 49 ਫ਼ੀਸਦੀ ਹੈ। ਇਹ ਭਾਰਤ ਲਈ ਵੱਡਾ ਚੈਲੰਜ ਹੈ ਕਿ ਭਾਰਤ ਦੀਆਂ ਔਰਤਾਂ ਲਈ ਕੰਮ ਦੇ ਵੱਧ ਤੋਂ ਵੱਧ ਮੌਕੇ ਨਹੀਂ ਮਿਲਦੇ। ਕੰਮ ਦੇ ਸਥਾਨ 'ਤੇ ਸੁਖਾਵਾਂ ਮਾਹੌਲ ਨਹੀਂ ਮਿਲਦਾ । ਇੱਕ ਸਰਵੇ ਅਨੁਸਾਰ ਅਨੁਸੂਚਿਤ ਜਾਤਾਂ ਜਾਂ ਪੱਛੜੇ ਵਰਗਾਂ ਨਾਲ ਸੰਬੰਧਤ ਔਰਤਾਂ ਦੀ ਹਾਲਤ ਤਾਂ ਬਹੁਤ ਹੀ ਨਿਰਾਸ਼ਾਜਨਕ ਹੈ। ਇਹ ਔਰਤਾਂ ਤਾਂ ਘਰ ਦੀ ਚਾਰਦੀਵਾਰੀ ਤੱਕ ਸੀਮਤ ਕਰਕੇ ਰੱਖ ਦਿੱਤੀਆਂ ਗਈਆਂ ਹਨ। ਉਂਜ ਵੀ ਪੜ੍ਹਾਈ ਕਰਨ ਤੋਂ ਬਾਅਦ ਵੱਡੀ ਗਿਣਤੀ ਔਰਤਾਂ ਘਰੇਲੂ ਕਾਰਨਾਂ ਅਤੇ ਵਧਦੀ ਬੇਰੁਜ਼ਗਾਰੀ ਦੀਆਂ ਸ਼ਿਕਾਰ ਨੌਕਰੀਆਂ ਤੋਂ ਵਾਂਝੀਆਂ ਰਹਿੰਦੀਆਂ ਹਨ।

ਵਿਸ਼ਵ ਪੱਧਰ 'ਤੇ ਲਗਭਗ ਇੱਕ ਤਿਹਾਈ ਔਰਤਾਂ ਦਾ ਮੁੱਖ ਰੁਜ਼ਗਾਰ ਖੇਤੀਬਾੜੀ ਹੈ, ਇਹਨਾਂ ਵਿੱਚ ਮੱਛੀ ਫੜਨ ਵਾਲੀਆਂ ਔਰਤਾਂ ਵੀ ਹਨ, ਪਰ ਹੈਰਾਨੀ ਵਾਲੀ ਗੱਲ ਹੈ ਕਿ 12.8 ਫ਼ੀਸਦੀ ਕਿਸਾਨ ਔਰਤਾਂ ਦੀ ਹੀ ਜ਼ਮੀਨ ਉਤੇ ਮਾਲਕੀ ਹੈ। ਭਾਰਤ ਵਿੱਚ 63 ਫ਼ੀਸਦੀ ਔਰਤਾਂ ਖੇਤੀਬਾੜੀ ਦੇ ਕੰਮ 'ਚ ਲੱਗੀਆਂ ਹਨ, ਜਦਕਿ ਹੋਰ ਖੇਤਰਾਂ 'ਚ ਔਰਤਾਂ ਦੀ ਰੁਜ਼ਗਾਰਤ ਭਾਗੀਦਾਰੀ 11.2 ਫ਼ੀਸਦੀ ਹੈ। ਅਸਲ ਅਰਥਾਂ 'ਚ ਇਹ ਗਿਣਤੀ ਪ੍ਰਤੀਸ਼ਤ ਬਹੁਤ ਹੀ ਘੱਟ ਹੈ। ਭਾਰਤ 'ਚ ਸਮਾਜਕ ਅਵਸਥਾ ਦੇ ਮੱਦੇਨਜ਼ਰ ਔਰਤਾਂ ਦੇ ਉਂਜ ਵੀ ਹਾਲਤ ਮਾੜੇ ਹਨ। ਨਾ-ਬਰਾਬਰੀ ਇਸਦਾ ਵੱਡਾ ਕਾਰਨ ਹੈ। ਸਦੀਆਂ ਤੋਂ ਉਹਨਾ ਨਾਲ ਹੁੰਦਾ ਵਿਤਕਰਾ ਅਤੇ ਵਰਤਾਓ, ਉਹਨਾ ਦੇ ਪੜ੍ਹਨ, ਲਿਖ

30-JUNE-PAGE-5.qxd 6/29/2023 10:12 PM Page 1

ਹੁਣ ਤੱਕ ਦੀਆਂ ਸਰਕਾਰਾਂ ਨੇ ਨਰੇਗਾ ਸਕੀਮ ਨੂੰ ਢਾਹ ਲਾਈ : ਆਗੂ

ਕਸ਼ਮੀਰ ਸਿੰਘ ਗਦਾਈਆ 'ਤੇ ਕੀਤੇ ਹਮਲੇ ਦੀ ਸਖਤ ਨਿੰਦਾ

ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)- ਪਿਛਲੇ ਦਿਨੀਂ ਤਹਿਸੀਲ ਨਾਭਾ ਪਿੰਡ ਸੁਖੇਵਾਲ ਵਿੱਚ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਰਜਿ. ਏਟਕ) ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ 'ਤੇ ਕੀਤੇ ਹਮਲੇ ਤੇ ਜਾਤੀਸੂਚਕ ਸ਼ਬਦ ਬੋਲਣ ਦੀ ਸਖ਼ਤ ਸ਼ਬਦਾਂ ਵਿੱਚ ਨਖੇਧੀ ਕਰਦੇ ਹਾਂ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਪੰਜਾਬ ਦੇ ਕੰਟਰੋਲ ਕਮਿਸ਼ਨ ਦੇ ਮੈਂਬਰ ਕਾਮਰੇਡ ਜਗਜੀਤ ਸਿੰਘ, ਪਾਰਟੀ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਜਗਸੀਰ ਖੋਸਾ ਤੇ ਜ਼ਿਲ੍ਹਾ ਆਗੂ ਮਹਿੰਦਰ ਸਿੰਘ ਧੂੜਕੋਟ ਨੇ ਕੀਤਾ। ਉਨ੍ਹਾਂ ਗੱਲ ਕਰਦਿਆਂ ਕਿਹਾ ਕਿ (ਨਰੇਗਾ ਐਕਟ 2005) ਨੂੰ ਲੈ ਕੇ ਹੁਣ ਤੱਕ ਸੱਤਾ ਵਿੱਚ ਰਹੀਆਂ ਸਾਰੀਆਂ ਰਾਜਨੀਤਕ ਧਿਰਾਂ ਨੇ ਨਰੇਗਾ ਨੂੰ ਢਾਹ ਹੀ ਲਾਈ ਹੈ। ਪਿੰਡਾਂ ਦੇ ਘੜੰਮ ਚੌਧਰੀਆਂ ਵੱਲੋਂ ਲਗਾਤਾਰ ਨਰੇਗਾ ਦੇ ਕੰਮ ਵਿੱਚ ਅੜਿੱਕੇ ਲਾਏ ਗਏ ਤੇ ਲਾਏ ਜਾ ਰਹੇ ਹਨ। ਆਮ ਆਦਮੀ ਦੇ ਨਾਮ 'ਤੇ ਖਾਸ ਲੋਕਾਂ ਦੀ ਬਣੀ ਸਰਕਾਰ ਵੀ ਬਾਕੀਆਂ ਦੇ ਮੁਕਾਬਲੇ ਘੱਟ ਨਹੀਂ, ਸ਼ਰੇਆਮ ਹਰ ਤਰ੍ਹਾਂ ਦੇ ਕੰਮਾਂ ਵਿੱਚ ਅੜਿੱਕੇ ਲਾ ਕੇ ਆਪਣੀ ਚੌਧਰ ਕਾਇਮ ਕਰਨ ਦੇ ਰਾਹ ਤੁਰੇ ਹੋਏ ਹਨ। ਕਾਮਰੇਡ ਕਸ਼ਮੀਰ ਸਿੰਘ 'ਤੇ ਹਮਲਾ ਕਰਨ ਵਾਲੇ ਆਪਣੀ ਪਤਨੀ ਦੀ ਸਰਪੰਚੀ 'ਤੇ ਆਪ ਹੈਂਕੜ ਕਰਨ ਵਾਲਾ ਸਰਪੰਚ ਤੇ ਉਸ ਦੇ ਨਾਲ ਦੇ ਗੁੰਡਿਆਂ 'ਤੇ ਅਸੀਂ ਸਖ਼ਤ ਤੋਂ ਸਖ਼ਤ ਕਾਰਵਾਈ ਦੀ ਮੰਗ ਕਰਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਸਭ ਜਾਣਦੇ ਹਾਂ ਕਿ ਕਿਵੇਂ ਨਰੇਗਾ ਨੂੰ ਲੁੱਟਣ ਲਈ ਆਪਣੇ ਧੱਕੇ ਨਾਲ ਮੋਟ ਥੋਪੇ ਜਾ ਰਹੇ ਹਨ, ਜਦੋਂਕਿ ਕਾਨੂੰਨ ਤਹਿਤ ਇਹ ਹੈ ਕਿ 40 ਵਰਕਰਾਂ ਪਿੱਛੇ ਉਨ੍ਹਾਂ ਵਿੱਚੋਂ ਹੀ ਇੱਕ ਵਰਕਰ ਮੋਟ ਦਾ ਕੰਮ ਕਰੇਗਾ। ਖਾਸ ਆਦਮੀ ਦੀ ਸਰਕਾਰ ਵਿੱਚ ਨਜਾਇਜ਼ ਹਾਜ਼ਰੀਆਂ ਲਗਾਉਣ ਦਾ ਕੰਮ ਹੋਰ ਵੀ ਤੇਜ਼ੀ ਫੜ ਗਿਆ ਹੈ। ਉਨ੍ਹਾਂ ਕਿਹਾ ਕਿ ਕਿਵੇਂ ਇਹ ਸਰਕਾਰ ਜਨਤਕ ਅਦਾਰਿਆਂ ਵਿੱਚ ਜਬਰਨ ਦਖ਼ਲ ਅੰਦਾਜ਼ੀ ਕਰਕੇ ਆਪਣੇ ਕਬਜ਼ੇ ਕਰਨ ਵਿੱਚ ਲੱਗੀ ਹੋਈ ਹੈ? ਨਰੇਗਾ ਦੇ ਨਾਲ ਨਾਲ ਭਾਵੇਂ ਉਹ ਟਰੱਕ ਯੂਨੀਅਨਾਂ ਹੋਣ, ਬਦਲੀਆਂ ਕਰਨ ਤੇ ਰੋਕਣ ਦੇ ਨਾਮ 'ਤੇ ਮੋਟੀਆਂ ਰਕਮਾਂ ਵਸੂਲਣ ਦੀ ਗੱਲ ਹੋਵੇ, ਸਾਖਰ ਤੇ ਅਰਧ ਸਿੱਖਿਅਤ ਲੋਕਾਂ ਨੂੰ ਧੱਕੇ ਨਾਲ ਸਕੂਲਾਂ ਦੇ ਚੇਅਰਮੈਨ ਲਾਇਆ ਜਾ ਰਿਹਾ ਹੋਵੇ, ਇਹ ਸਭ ਹਰਕਤਾਂ ਰਾਹੀਂ ਸਾਨੂੰ ਸਮਝ ਪੈਂਦੀ ਹੈ ਕਿ ਇਹ ਆਮ ਆਦਮੀ ਦੇ ਨਾਮ 'ਤੇ ਬਣੀ ਸਰਕਾਰ ਦਾ ਇਹ ਤਾਨਾਸ਼ਾਹੀ ਰੂਪ ਸਾਬਿਤ ਹੋ ਰਿਹਾ ਹੈ। ਇਹ ਸਰਕਾਰ ਦੇ ਲੋਕ ਪ੍ਰਸ਼ਾਸਨ ਨੂੰ ਠੀਕ ਢੰਗ ਨਾਲ ਚਲਾਉਣ ਦੀ ਬਜਾਏ ਉਸ ਵਿੱਚ ਬੇਲੋੜੀ ਦਖਲ ਅੰਦਾਜ਼ੀ ਕਰਕੇ ਸਰਕਾਰ ਦੇ ਅਸਫ਼ਲ ਹੋਣ ਦਾ ਸਬੂਤ ਦੇ ਰਹੇ ਹਨ। ਕਾਮਰੇਡ ਕਸ਼ਮੀਰ ਸਿੰਘ ਬਾਰੇ ਆਗੂਆਂ ਨੇ ਗੱਲ ਕਰਦਿਆਂ ਕਿਹਾ ਕਿ ਨਰੇਗਾ ਨੂੰ ਚਲਾਉਣ ਲਈ 2008 ਤੋਂ ਬਾਅਦ ਪੂਰੇ ਪੰਜਾਬ ਵਿੱਚ ਉਨ੍ਹਾ ਆਪਣਾ ਦਿਨ ਰਾਤ ਇੱਕ ਕੀਤਾ ਹੈ। ਪ੍ਰਸ਼ਾਸਨ ਤੇ ਚੌਧਰੀਆਂ ਦੀਆਂ ਅਲਮਾਰੀਆਂ 'ਚੋਂ ਨਰੇਗਾ ਕਾਰਡ ਕਢਵਾ ਕੇ ਲੋਕਾਂ ਦੇ ਹੱਥਾਂ ਤੱਕ ਪਹੁੰਚਾਉਣ ਵਾਲਿਆਂ ਵਿੱਚੋਂ ਕਾਮਰੇਡ ਕਸ਼ਮੀਰ ਸਿੰਘ ਪਹਿਲੇ ਆਗੂਆਂ ਵਿੱਚੋਂ ਹੈ। ਇਸ ਤਰ੍ਹਾਂ ਇੱਕ ਰਜਿਸਟਰਡ ਯੂਨੀਅਨ ਦੇ ਸੂਬਾ ਆਗੂ ਉੱਪਰ ਹਮਲਾ ਕਰਨਾ ਤੇ ਜਾਤੀ ਸੂਚਕ ਸ਼ਬਦ ਬੋਲਣੇ ਇਹ ਸੱਤਾ ਦਾ ਨਸ਼ਾ ਇਨ੍ਹਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਅਸੀਂ ਭਾਰਤੀ ਕਮਿਊਨਿਸਟ ਪਾਰਟੀ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਇਸ ਘਟਨਾ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਅਪੀਲ ਕਰਦੇ ਹਾਂ ਕਿ ਲੋਕਾਂ ਦੇ ਆਗੂ ਨੂੰ ਇਨਸਾਫ ਦਿਵਾਉਣ ਤੇ ਦੋਸ਼ੀਆਂ 'ਤੇ ਬਣਦੀ ਕਾਰਵਾਈ ਕਰਵਾਉਣ ਲਈ 30 ਜੂਨ ਦੀ ਰੈਲੀ ਵਿੱਚ ਵਹੀਰਾਂ ਘੱਤ ਕੇ ਪੁੱਜੋ। ਮੰਗ ਕਰਦੇ ਹਾਂ ਕਿ ਪੂਰੇ ਮਾਮਲੇ ਦੀ ਜਾਂਚ ਕਰਵਾ ਕੇ ਹਮਲਾ ਕਰਨ ਤੇ ਜਾਤੀਸੂਚਕ ਸ਼ਬਦ ਬੋਲਣ ਦੀ ਬਣਦੀ ਕਰਵਾਈ ਦੋਸ਼ੀਆਂ 'ਤੇ ਕੀਤੀ ਜਾਵੇ, ਨਹੀਂ ਤਾਂ ਇਹ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

ਜੰਗਲਾਤ ਵਿਭਾਗ ਦੇ ਵਰਕਰਾਂ ਦਾ ਧਰਨਾ 20ਵੇਂ ਦਿਨ 'ਚ ਦਾਖਲ

ਜਲਦੀ ਮੰਗਾਂ ਨਾ ਮੰਨੀਆਂ ਤਾਂ ਵੱਡਾ ਐਕਸ਼ਨ ਕਰਨ ਦੀ ਦਿੱਤੀ ਚੇਤਾਵਨੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਵਰਕਰਾਂ ਦੀਆਂ ਮੰਗਾਂ ਨੂੰ ਲੈ ਕੇ ਡੀ ਐੱਫ ਓ ਦਫਤਰ ਫਿਰੋਜ਼ਪੁਰ ਦੇ ਸਾਹਮਣੇ ਲਾਇਆ ਧਰਨਾ 20ਵੇਂ ਦਿਨ ਵਿੱਚ ਦਾਖਲ ਹੋ ਗਿਆ ਹੈ। ਨਿਸ਼ਾਨ ਸਿੰਘ ਜ਼ਿਲ੍ਹਾ ਪ੍ਰਧਾਨ, ਬਲਬੀਰ ਸਿੰਘ ਗੋਖੀਵਾਲ ਸੀਨੀਅਰ ਮੀਤ ਪ੍ਰਧਾਨ, ਮੇਹਰ ਸਿੰਘ ਜ਼ਿਲ੍ਹਾ ਸਕੱਤਰ, ਗੁਰਬੀਰ ਸਿੰਘ ਸਹਿਜ਼ਾਦੀ ਜ਼ਿਲ੍ਹਾ ਜਨਰਲ ਸਕੱਤਰ ਨੇ ਦੱਸਿਆ ਕਿ ਡੀ ਐੱਫ ਓ ਨਾਲ 15 ਜੂਨ ਨੂੰ ਹੋਈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਸੀ ਕਿ ਫੀਲਡ ਵਿੱਚ ਕੰਮ ਕਰਦੇ ਵਰਕਰਾਂ ਦੀਆਂ ਸੀਨੀਆਰਤਾ ਸੂਚੀਆਂ ਇੱਕ ਹਫਤੇ ਵਿੱਚ ਬਣਾ ਦਿੱਤੀਆਂ ਜਾਣਗੀਆਂ, ਪਰ ਅਜੇ ਤੱਕ ਸੀਨੀਆਰਤਾ ਸੂਚੀਆਂ ਨਹੀਂ ਬਣਾਈਆਂ ਗਈਆਂ, ਜਿਸ ਕਰਕੇ ਫੀਲਡ ਵਰਕਰਾਂ ਵਿੱਚ ਘੋਰ ਨਿਰਾਸ਼ਤਾ ਪਾਈ ਜਾ ਰਹੀ ਹੈ ਤੇ ਵਰਕਰਾਂ ਨੂੰ ਰਹਿੰਦੀਆਂ ਦੋ ਮਹੀਨਿਆਂ ਦੀਆਂ ਤਨਖਾਹਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਡੀਐੱਫਓ ਪਿਛਲੇ ਕਈ ਦਿਨਾਂ ਤੋਂ ਦਫਤਰ ਨਹੀਂ ਬੈਠ ਰਿਹਾ। ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਫੀਲਡ ਮੁਲਾਜ਼ਮਾ ਦੀਆਂ ਮੰਗਾਂ ਜਲਦੀਆਂ ਨਾ ਮੰਨੀਆਂ ਤਾਂ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ 3 ਜੁਲਾਈ ਨੂੰ ਡੀਐੱਫਓ ਦਫਤਰ ਸਾਹਮਣੇ ਵੱਡਾ ਐਕਸ਼ਨ ਕੀਤਾ ਜਾਵੇਗਾ।

ਇਸ ਮੌਕੇ ਜਸਵਿੰਦਰ ਸਿੰਘ ਰੋਜ਼ ਪ੍ਰਧਾਨ ਜ਼ੀਰਾ, ਮੁਖਤਿਆਰ ਸਿੰਘ ਰੋਜ਼ ਪ੍ਰਧਾਨ ਫਿਰੋਜ਼ਪੁਰ, ਸੁਲੱਖਣ ਸਿੰਘ, ਬਾਂਕੇ ਲਾਲ, ਗਿਆਨ ਸਿੰਘ, ਗੁਰਬਚਨ ਸਿੰਘ, ਸੂਰਤ ਸਿੰਘ, ਬਚਨ ਸਿੰਘ ਮਾਛੀਵਾਲਾ, ਰਾਜ ਸਿੰਘ ਸਾਹਨਕੇ, ਰਲੀਆ, ਮਹਿੰਦਰ ਸਿੰਘ, ਬਲਵਿੰਦਰ ਸਿੰਘ, ਜੀਤ ਸਿੰਘ, ਗੁਰਮੀਤ ਸਿੰਘ ਘੱਲ ਕਲਾਂ, ਗੁਰਪ੍ਰੀਤ ਸਿੰਘ ਸੁਲਹਾਣੀ ਆਦਿ ਹਾਜ਼ਰ ਸਨ।

ਪਾਰਲੀਮੈਂਟ 'ਚ 'ਬਨੇਗਾ' ਨੂੰ ਪਾਸ ਕਰਵਾਉਣ ਲਈ ਵਿਦਿਆਰਥੀਆਂ-ਨੌਜਵਾਨਾਂ ਨੂੰ ਇਕਜੁੱਟ ਹੋਣ ਦਾ ਸੱਦਾ

ਸਰਕਾਰੀ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਵੇਚ ਕੇ ਨੌਜਵਾਨਾਂ ਤੋਂ ਰੁਜ਼ਗਾਰ ਨੂੰ ਖੋਹ ਰਹੀਆਂ ਨੇ ਸਰਕਾਰਾਂ : ਢਾਬਾਂ, ਉੱਭਾ

ਮਾਨਸਾ (ਨਵਾਂ ਜ਼ਮਾਨਾ ਸਰਵਿਸ) : ਭਾਰਤ ਦੇਸ਼ ਨੌਜਵਾਨਾਂ ਦਾ ਦੇਸ਼ ਹੈ, ਕਿਉਂਕਿ ਦੁਨੀਆ ਭਰ ਵਿੱਚ ਸਭ ਤੋਂ ਵੱਧ ਨੌਜਵਾਨ ਉਮਰ ਗਰੁੱਪ ਦੇ ਨੌਜਵਾਨ ਭਾਰਤ ਵਿੱਚ ਰਹਿੰਦੇ ਹਨ। ਨੌਜਵਾਨ ਕਿਸੇ ਵੀ ਦੇਸ਼ ਦਾ ਸਰਮਾਇਆ ਹੁੰਦੇ ਹਨ ਤੇ ਉਸ ਸਰਮਾਏ ਨੂੰ ਸਾਂਭਣਾ ਸਾਡੇ ਦੇਸ਼ ਦੇ ਰਾਜ ਪ੍ਰਬੰਧ ਦੀ ਜ਼ਿੰਮੇਵਾਰੀ ਹੁੰਦੀ ਹੈ, ਜਦੋਂਕਿ ਭਾਰਤ ਦੇਸ਼ ਦਾ ਸਰਮਾਇਆ ਦੇਸ਼ ਦੇ ਨੌਜਵਾਨ ਡਿਗਰੀਆਂ/ਡਿਪਲੋਮੇ ਪ੍ਰਾਪਤ ਕਰਕੇ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਰਵ ਭਾਰਤ ਨੌਜਵਾਨ ਸਭਾ ਜ਼ਿਲ੍ਹਾ ਮਾਨਸਾ ਦੀ ਸਥਾਨਕ ਸੁਤੰਤਰ ਭਵਨ ਵਿਖੇ ਕੀਤੀ ਗਈ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਵ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ ਤੇ ਸੂਬਾਈ ਮੀਤ ਪ੍ਰਧਾਨ ਹਰਮੇਲ ਉੱਭਾ ਨੇ ਕੀਤਾ। ਸਾਥੀ ਢਾਬਾਂ ਤੇ ਉੱਭਾ ਨੇ ਕਿਹਾ ਕਿ ਕੇਂਦਰ ਤੇ ਰਾਜ ਸਰਕਾਰਾਂ ਨੇ ਦੇਸ਼ ਦੀ ਜਵਾਨੀ ਨੂੰ ਰੁਜ਼ਗਾਰ ਦੇਣ ਦੇ ਨਾਂਅ 'ਤੇ ਗੁਮਰਾਹ ਕਰਕੇ ਵੋਟਾਂ ਪ੍ਰਾਪਤ ਕੀਤੀਆਂ ਸਨ, ਪ੍ਰੰਤੂ ਸੱਤਾ ਪ੍ਰਾਪਤ ਹੋਣ ਤੋਂ ਬਾਅਦ ਨੌਜਵਾਨਾਂ ਦੀ ਕੋਈ ਸਾਰ ਨਹੀਂ ਲੈ ਰਿਹਾ। ਕੇਂਦਰ ਦੀ ਸੱਤਾ 'ਤੇ 2014 ਵਿੱਚ ਆਈ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਹਰ ਸਾਲ ਦੋ ਕਰੋੜ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ, ਪ੍ਰੰਤੂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਬਜਾਏ ਉਲਟਾ ਉਨ੍ਹਾਂ ਤੋਂ ਰੁਜ਼ਗਾਰ ਖੋਹੇ ਜਾ ਰਹੇ ਹਨ। ਦੇਸ਼ ਦੇ ਸਰਕਾਰੀ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ। ਇਸੇ ਤਰ੍ਹਾਂ ਪੰਜਾਬ 'ਚ ਸੱਤਾ 'ਚ ਆਈਆਂ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਵੀ ਨੌਜਵਾਨਾਂ ਨਾਲ ਧੋਖਾ ਕੀਤਾ ਹੈ।

ਇਸ ਮੌਕੇ ਗੱਲਬਾਤ ਕਰਦਿਆਂ ਏ ਆਈ ਐੱਸ ਐੱਫ ਦੇ ਸੂਬਾ ਮੀਤ ਸਕੱਤਰ ਗੁਰਪ੍ਰੀਤ ਸਿੰਘ ਗੁਰਨੇ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਮੀਤ ਸਕੱਤਰ ਗੁਰਮੁੱਖ ਸਰਦੂਲਗੜ੍ਹ ਨੇ ਕਿਹਾ ਕਿ ਦੇਸ਼ ਪਾਰਲੀਮੈਂਟ ਵਿੱਚ ਸਭ ਲਈ ਰੁਜ਼ਗਾਰ ਦੀ ਗਾਰੰਟੀ ਲਈ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' (ਬਨੇਗਾ) ਬਣਨਾ ਚਾਹੀਦਾ ਹੈ, ਜਿਸ ਲਈ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਜ਼ਿਲ੍ਹਾ ਮਾਨਸਾ 'ਚ ਲਗਾਤਾਰ ਸਰਗਰਮੀ ਕਰਨ ਲਈ ਯੋਜਨਾ ਤਿਆਰ ਕੀਤੀ ਗਈ ਹੈ। ਬਨੇਗਾ ਕਾਨੂੰਨ ਬਾਰੇ ਵਿਸਤਾਰ ਨਾਲ ਬੋਲਦਿਆਂ ਆਗੂਆਂ ਨੇ ਕਿਹਾ ਕਿ ਇਸ ਕਾਨੂੰਨ ਤਹਿਤ ਹਰੇਕ ਅਣਪੜ੍ਹ ਤੇ ਅਣਸਿੱਖਿਅਤ ਲਈ ਘੱਟੋ-ਘੱਟ 30 ਹਜ਼ਾਰ ਰੁਪਏ, ਅਰਧ-ਸਿੱਖਿਅਤ ਲਈ 35 ਹਜ਼ਾਰ ਰੁਪਏ, ਸਿੱਖਿਅਤ ਲਈ 45 ਹਜ਼ਾਰ ਰੁਪਏ ਤੇ 60 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦੀ ਗਰੰਟੀ ਹੋਵੇ ਅਤੇ ਕੰਮ/ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿੱਚ ਤਨਖਾਹ ਦਾ ਅੱਧ ਦਿੱਤਾ ਜਾਵੇ। ਆਗੂਆਂ ਨੇ ਸਮੂਹ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਦੇਸ਼ ਦੀ ਪਾਰਲੀਮੈਂਟ 'ਚ "ਭਗਤ ਸਿੰਘ ਨੈਸ਼ਨਲ ਇੰਪਲਾਈਮੈਂਟ ਗਾਰੰਟੀ ਐਕਟ (ਬਨੇਗਾ)' ਪਾਸ ਕਰਵਾਉਣ ਲਈ ਇਕ ਮੰਚ 'ਤੇ ਇਕੱਠੇ ਹੋਈਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਏ ਆਈ ਐੱਸ ਐੱਫ ਦੀ ਖਿਜ਼ਾਨਚੀ ਗੁਰਜੀਤ ਕੌਰ, ਨਿਰਭੈ ਮਾਨਸਾ, ਤਰਸੇਮ ਸਿੰਘ, ਹਰਪ੍ਰੀਤ ਸਿੰਘ ਨੇ ਵੀ ਸੰਬੋਧਨ ਕੀਤਾ।

ਕਾਤਰਾਂ

ਕੱਟੇ ਰਾਸ਼ਨ ਕਾਰਡ ਜਲਦ ਚਾਲੂ ਕੀਤੇ ਜਾਣ : ਗੁਰਸੇਵਕ ਸਿੰਘ

ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)-ਮੋਗਾ ਅਧੀਨ ਆਉਂਦੇ ਪਿੰਡ ਖੋਟੇ ਦੇ ਬਹੁਤ ਸਾਰੇ ਲੋੜਵੰਦ ਪਰਿਵਾਰਾਂ, ਜਿਨ੍ਹਾਂ ਵਿੱਚ ਦਿਹਾੜੀਦਾਰ ਕਾਮੇ ਤੇ ਛੋਟੇ ਕਿਸਾਨਾਂ ਦੇ ਰਾਸ਼ਨ ਕਾਰਡ ਕੱਟ ਦਿੱਤੇ ਗਏ ਸਨ, ਉਸ ਦੀ ਜਾਂਚ ਕਰਵਾਉਣ ਤੇ ਅਯੋਗ ਲਾਭਪਾਤਰੀਆਂ ਦੇ ਕਾਰਡ ਕੱਟਵਾਉਣ ਦੇ ਸਬੰਧ ਵਿੱਚ ਸਰਵਜਨ ਸੇਵਾ ਪਾਰਟੀ ਦਾ ਇੱਕ ਵਫਦ ਪਾਰਟੀ ਦੇ ਸੂਬਾ ਪ੍ਰਧਾਨ ਗੁਰਸੇਵਕ ਸਿੰਘ ਮੱਲਾ ਦੀ ਅਗਵਾਈ ਹੇਠ ਐੱਸ ਡੀ ਐੱਮ ਨਿਹਾਲ ਸਿੰਘ ਵਾਲਾ ਨੂੰ ਉਨ੍ਹਾਂ ਦੇ ਗੰਡਰ ਕੁਲਦੀਪ ਸਿੰਘ ਭੱਟੀ ਰਾਹੀਂ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਜਸਮੀਤ ਸਿੰਘ, ਜਨਰਲ ਸਕੱਤਰ ਗੁਰਵਿੰਦਰ ਸਿੰਘ ਖੋਟੇ, ਜਗਤਾਰ ਸਿੰਘ ਮੀਤ ਪ੍ਰਧਾਨ ਬਲਾਕ ਨਿਹਾਲ ਸਿੰਘ ਵਾਲ, ਜਸਵੀਰ ਸਿੰਘ ਮੱਲਾ ਤੇ ਹਰਜੀਤ ਸਿੰਘ ਮੱਲਾ ਆਦਿ ਹਾਜ਼ਰ ਸਨ।

2024 ਦੀਆਂ ਚੋਣਾਂ 'ਚ ਭਾਜਪਾ ਮੁੜ ਸਰਕਾਰ ਬਣਾਵੇਗੀ : ਸੂਬੇਦਾਰ ਭੋਲਾ ਸਿੰਘ

ਬਰੇਟਾ (ਗੋਬਿੰਦ ਸ਼ਰਮਾ)-ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਿਲਕੁੱਲ ਵੀ ਠੀਕ ਨਹੀਂ ਹੈ। ਹਰ ਰੋਜ਼ ਲੁੱਟ-ਖੋਹ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਹਲਕਾ ਇੰਚਾਰਜ ਭੋਲਾ ਸਿੰਘ ਸੂਬੇਦਾਰ ਨੇ ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਦੇ ਦਫਤਰ ਵਿਖੇ ਵਿਚਾਰ ਚਰਚਾ ਦੌਰਾਨ ਕੀਤਾ। ਉਨ੍ਹਾ ਕਿਹਾ ਕਿ ਭਾਜਪਾ ਨੇ ਹੁਣ ਸ਼ਹਿਰਾਂ ਦੇ ਨਾਲ ਨਾਲ ਪਿੰਡਾਂ ਵਿੱਚ ਵੀ ਆਪਣਾ ਪਸਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਲੋਕ ਪ੍ਰਧਾਨ ਮੰਤਰੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾ ਕਿਹਾ ਕਿ ਆਉਣ ਵਾਲੀਆਂ 2024 ਦੀਆਂ ਚੋਣਾਂ ਵਿੱਚ ਭਾਜਪਾ ਮੁੜ ਤੋਂ ਸਰਕਾਰ ਬਣਾਵੇਗੀ ਤੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਮੁੜ ਤੋਂ ਪ੍ਰਧਾਨ ਮੰਤਰੀ ਬਣਨਗੇ। ਇਸ ਮੌਕੇ ਪ੍ਰਧਾਨ ਗਗਨਦੀਪ ਸ਼ਰਮਾ, ਦਲਜੀਤ ਸਿੰਘ ਦਰਸ਼ੀ, ਮੇਜਰ ਸਿੰਘ ਵੀ ਹਾਜ਼ਰ ਸਨ।

ਡੀ ਟੀ ਐੱਫ ਵੱਲੋਂ ਡੀ ਈ ਓ ਦਫਤਰ ਅੱਗੇ ਧਰਨਾ ਅੱਜ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)- ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੀ ਜ਼ਿਲ੍ਹਾ ਸੰਗਰੂਰ ਇਕਾਈ ਦੀ ਕਾਰਜਕਰਨੀ ਦੀ ਅੱਜ ਮੀਟਿੰਗ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਤੇ ਜ਼ਿਲ੍ਹਾ ਸਕੱਤਰ ਹਰਭਗਵਾਨ ਗੁਰਨੇ ਨੇ

page-6-30-(JUNE)-2023-G-(BV).qxd 6/29/2023 10:41 PM Page 1

ਡਾ. ਸੁਭਾਸ਼ ਥੋਬਾ ਨੇ 15 ਸਾਲਾ ਪੀੜਤਾ ਦੇ ਪਰਵਾਰਕ ਮੈਂਬਰਾਂ ਨਾਲ ਕੀਤੀ ਮੁਲਾਕਾਤ

ਮੁਲਜ਼ਮ ਨੂੰ ਪੰਜ ਦਿਨਾਂ 'ਚ ਗ੍ਰਿਫ਼ਤਾਰ ਕਰਨ ਦੇ ਪੁਲਸ ਨੂੰ ਦਿੱਤੇ ਨਿਰਦੇਸ਼

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਡਾ: ਸੁਭਾਸ਼ ਥੋਬਾ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਥਾਣਾ ਧਾਰੀਵਾਲ ਦੇ ਪਿੰਡ ਡੇਹਰੀਵਾਲ ਦਰੋਗਾ 'ਚ ਪਹੁੰਚ ਕੇ 15 ਸਾਲਾ ਨਾਬਾਲਗ ਲੜਕੀ ਨਾਲ ਜਬਰ-ਜਨਾਹ ਦੀ ਕੋਸ਼ਿਸ਼ ਕਰਨ ਦੇ ਮਾਮਲੇ ਦੀ ਜਾਂਚ ਸ਼ੁਰੂ ਕਰਦਿਆਂ ਲੜਕੀ ਦੇ ਮਾਪਿਆਂ ਨਾਲ ਗੱਲਬਾਤ ਕੀਤੀ। ਪੀੜਤ ਲੜਕੀ ਦੇ ਪਿਤਾ ਨੇ ਕਮਿਸ਼ਨ ਦੇ ਮੈਂਬਰ ਨੂੰ ਦੱਸਿਆ ਕਿ ਉਹ ਇਕ ਮਜ਼ਦੂਰ ਹੈ ਅਤੇ 21 ਜੂਨ ਨੂੰ ਉਹ ਝੋਨਾ ਲਾਉਣ ਲਈ ਖੇਤਾਂ ਵਿੱਚ ਗਿਆ ਸੀ। ਮੇਰੀ ਪਤਨੀ ਆਸਾ ਵਰਕਰ ਹੈ। ਉਹ ਵੀ ਕੰਮ 'ਤੇ ਗਈ ਹੋਈ ਸੀ। ਉਸ ਦੇ ਘਰ ਦੋ ਧੀਆਂ ਅਤੇ ਇੱਕ ਪੁੱਤਰ ਸੀ। ਵੱਡੀ ਧੀ ਪੰਦਰਾਂ ਸਾਲ ਦੀ ਹੈ। ਪਿੰਡ ਦੇ ਹੀ ਰਹਿਣ ਵਾਲਾ ਡਿਪੂ ਹੋਲਡਰ ਜੋਗਿੰਦਰ ਪਾਲ ਉਨ੍ਹਾਂ ਦੇ ਘਰ ਜ਼ਬਰਦਸਤੀ ਦਾਖਲ ਹੋ ਕੇ ਵੱਡੀ ਧੀ ਨੂੰ ਖਿੱਚ ਕੇ ਕਮਰੇ ਵਿੱਚ ਲੈ ਗਿਆ ਅਤੇ ਦਰਵਾਜ਼ਾ ਅੰਦਰੋਂ ਬੰਦ ਕਰ ਦਿੱਤਾ। ਇਸ ਤੋਂ ਬਾਅਦ ਉਸ ਨੇ ਬੇਟੀ ਨਾਲ ਜਬਰ-ਜਨਾਹ ਕਰਨ ਦੀ ਕੋਸ਼ਿਸ਼ ਕੀਤੀ। ਪਿੰਡ ਵਾਸੀਆਂ ਨੇ ਕਮਿਸ਼ਨ ਮੈਂਬਰ ਡਾ: ਸੁਭਾਸ਼ ਥੋਬਾ ਨੂੰ ਦੱਸਿਆ ਕਿ ਜੋਗਿੰਦਰ ਪਾਲ ਦਾ ਡਿੱਪੂ ਹੈ ਅਤੇ ਉਹ ਪਹਿਲਾਂ ਵੀ ਕਈ ਵਾਰ ਇਸ ਤਰ੍ਹਾਂ ਦੀਆਂ ਗਲਤ ਹਰਕਤਾਂ ਕਰਦਾ ਰਿਹਾ ਹੈ। ਹੁਣ ਨਾਬਾਲਗ ਲੜਕੀ ਨਾਲ ਜਬਰ-ਜਨਾਹ ਦੀ ਕੋਸ਼ਿਸ਼ ਕਰਨਾ ਬਹੁਤ ਸ਼ਰਮਸਾਰ ਕਰਨ ਵਾਲਾ ਮਾਮਲਾ ਹੈ। ਇਸ ਮੌਕੇ ਡਾ. ਸੁਭਾਸ ਥੋਬਾ ਦੇ ਨਾਲ ਹਲਕਾ ਡੀਐੱਸਪੀ ਰਾਜਬੀਰ ਸਿੰਘ, ਥਾਣਾ ਧਾਰੀਵਾਲ ਦੇ ਐੱਸਐੱਚਓ ਹਰਪਾਲ ਸਿੰਘ ਸੈਣੀ ਸਮੇਤ ਪੁਲਸ ਫੋਰਸ ਹਾਜ਼ਰ ਸੀ। ਪਿੰਡ ਵਾਸੀਆਂ ਨੇ ਅਪੀਲ ਕੀਤੀ ਕਿ ਮੁਲਜ਼ਮ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕਰਕੇ ਉਸ ਦਾ ਡਿੱਪੂ ਰੱਦ ਕੀਤਾ ਜਾਵੇ। ਇਸ ਸਬੰਧੀ ਪਿੰਡ ਵਾਸੀਆਂ ਨੇ ਲਿਖਤੀ ਪੱਤਰ ਵੀ ਕਮਿਸ਼ਨ ਮੈਂਬਰ ਨੂੰ ਦਿੱਤਾ ਗਿਆ ਜੋ ਫੂਡ ਕਮਿਸ਼ਨ ਚੰਡੀਗੜ੍ਹ ਨੂੰ ਭੇਜ ਦਿੱਤਾ ਗਿਆ। ਡਾ: ਸੁਭਾਸ਼ ਥੋਬਾ ਨੇ ਫੂਡ ਕਮਿਸ਼ਨ ਦੇ ਮੈਂਬਰ ਵਿਕਾਸ ਦੱਤ ਨੂੰ ਫੋਨ ਕਰਕੇ ਕਿਹਾ ਕਿ ਇਸ ਦਾ ਡਿੱਪੂ ਤੁਰੰਤ ਰੱਦ ਕੀਤਾ ਜਾਵੇ। ਡਾ: ਸੁਭਾਸ਼ ਥੋਬਾ ਨੇ ਡੀਐੱਸਪੀ ਰਾਜਬੀਰ ਸਿੰਘ ਅਤੇ ਐੱਸਐੱਚਓ ਹਰਪਾਲ ਸਿੰਘ ਨੂੰ ਪੰਜ ਦਿਨਾਂ ਦੇ ਅੰਦਰ-ਅੰਦਰ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਕਮਿਸ਼ਨ ਨੂੰ ਰਿਪੋਰਟ ਦੇਣ ਦੇ ਹੁਕਮ ਜਾਰੀ ਕੀਤੇ।

ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਦੋਸੀ ਜੋਗਿੰਦਰ ਪਾਲ ਖਿਲਾਫ ਐੱਫਆਈਆਰ ਨੰਬਰ 64 ਵਿੱਚ ਧਾਰਾ 376, 511, 450 ਅਤੇ 8 ਪੋਕਸੋ ਐਕਟ ਲਾਇਆ ਗਿਆ ਹੈ। ਪੁਲਸ ਦੀਆਂ ਵੱਖ-ਵੱਖ ਟੀਮਾਂ ਮੁਲਜ਼ਮ ਦੀ ਭਾਲ ਵਿੱਚ ਲੱਗੀਆਂ ਹੋਈਆਂ ਹਨ। ਜਲਦੀ ਹੀ ਉਸ ਨੂੰ ਫੜ ਲਿਆ ਜਾਵੇਗਾ। ਇਸ ਮੌਕੇ ਆਲ ਇੰਡੀਆ ਕ੍ਰਿਸਚੀਅਨ ਫਰੰਟ ਦੇ ਪੰਜਾਬ ਪ੍ਰਧਾਨ ਜੌਨ ਕੋਟਲੀ, ਸਲਾਹਕਾਰ ਈਸਾ ਦਾਸ, ਦਰਸ਼ਨ ਮਾਹਲ, ਐਸ ਐਮ ਰੰਧਾਵਾ, ਲਾਭਾ ਮਸੀਹ ਆਲੋਵਾਲ ਆਦਿ ਆਗੂਆਂ ਤੋਂ ਇਲਾਵਾ ਵੀ ਵੱਡੀ ਗਿਣਤੀ ਮਸੀਹ ਭਾਈਚਾਰੇ ਦੇ ਲੋਕ ਅਤੇ ਪਿੰਡ ਵਾਸੀ ਹਾਜ਼ਰ ਸਨ।

ਦੁਕਾਨਦਾਰ ਦੇ ਘਿਨਾਉਣੇ ਕਤਲ ਕੇਸ ਦਾ ਪਰਦਾਫਾਸ਼, ਦੋਸ਼ੀ ਗ੍ਰਿਫਤਾਰ

ਪਠਾਨਕੋਟ (ਦਵਿੰਦਰ ਸਿੰਘ)- ਅਪਰਾਧੀਆਂ ਨੂੰ ਫੜਨ ਲਈ ਪੂਰੀ ਦ੍ਰਿੜ੍ਹਤਾ ਅਤੇ ਵਚਨਬੱਧਤਾ ਦਾ ਪ੍ਰਦਰਸ਼ਨ ਕਰਦੇ ਹੋਏ ਪਠਾਨਕੋਟ ਪੁਲਸ ਨੇ ਦੇਸ਼ ਦੇ 11 ਰਾਜਾਂ ਤੱਕ ਦੁਕਾਨਦਾਰ ਦੇ ਕਤਲ ਦੇ ਦੋਸ਼ੀਆਂ ਦਾ ਪਿੱਛਾ ਕਰਕੇ ਅਤੇ ਉਨ੍ਹਾਂ ਨੂੰ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਪਠਾਨਕੋਟ ਦੇ ਸ਼ਾਂਤਮਈ ਪਿੰਡ ਅਖਵਾਣਾ ਵਿੱਚ ਨਸ਼ੇ ਵਿੱਚ ਧੁੱਤ ਹਮਲਾਵਰਾਂ ਨੇ ਇੱਕ ਮਾਮੂਲੀ ਝਗੜੇ ਵਿੱਚ ਬੜੇ ਦਰਦਨਾਕ ਤਰੀਕੇ ਨਾਲ ਕੁੱਟ-ਕੁੱਟ ਕੇ ਇੱਕ ਦੁਕਾਨਦਾਰ ਦੀ ਹੱਤਿਆ ਕਰ ਦਿੱਤੀ ਸੀ। ਫੜੇ ਗਏ ਮੁਲਜ਼ਮਾਂ ਦੀ ਪਛਾਣ ਕੁਸ਼ਲ ਸਿੰਘ, ਕਾਲੂ ਵਾਸੀ ਸ਼ਾਹਪੁਰਕੰਡੀ ਅਤੇ ਵਿਸ਼ਾਲ ਸਿੰਘ ਵਾਸੀ ਪਿੰਡ ਕਾਨਪੁਰ, ਸ਼ਾਹਪੁਰਕੰਡੀ, ਪਠਾਨਕੋਟ ਵਜੋਂ ਹੋਈ ਹੈ। ਤਫਤੀਸ਼ ਦਾ ਖੁਲਾਸਾ ਕਰਦੇ ਹੋਏ ਸੀਨੀਅਰ ਪੁਲਸ ਕਪਤਾਨ ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਐਸ ਪੀ ਡੀ ਮਨੋਜ ਕੁਮਾਰ ਦੀ ਅਗਵਾਈ 'ਚ ਡੀ ਐਸ ਪੀ ਧਾਰ ਕਲਾਂ, ਐਸ ਐਚ ਓ ਸ਼ਾਹਪੁਰਕੰਡੀ ਅਤੇ ਐਸ ਐਚ ਓ ਸੁਜਾਨਪੁਰ ਦੇ ਨਾਲ ਮਾਮਲੇ ਨੂੰ ਸੁਲਝਾਉਣ ਲਈ ਇੱਕ ਟੀਮ ਬਣਾਈ ਗਈ ਸੀ। ਪੀੜਤ ਦੀ ਪਤਨੀ ਸ਼ੀਤਲ ਦੇ ਬਿਆਨ ਮਿਲਣ ਤੋਂ ਬਾਅਦ ਪੁਲਿਸ ਨੇ ਤੇਜ਼ੀ ਨਾਲ ਕਾਰਵਾਈ ਕੀਤੀ ਅਤੇ ਸੀ ਸੀ ਟੀ ਵੀ ਫੁਟੇਜ ਦੀ ਬਾਰੀਕੀ ਨਾਲ ਜਾਂਚ ਕਰਦੇ ਹੋਏ ਜਾਂਚ ਸ਼ੁਰੂ ਕੀਤੀ ਸੀ। ਸੀ ਆਈ ਏ ਸਟਾਫ ਦੀ ਪੁਲਸ ਟੀਮ ਏ ਐਸ ਆਈ ਕੁਲਦੀਪ ਸਿੰਘ ਦੀ ਅਗਵਾਈ ਹੇਠ ਲਗਾਤਾਰ ਤਕਨੀਕੀ ਸਾਧਨਾਂ ਦੀ ਪਾਲਣਾ ਕਰਦੀ ਰਹੀ ਕਿਉਂਕਿ ਦੋਵੇਂ ਮੁਲਜ਼ਮ ਗ੍ਰਿਫਤਾਰੀ ਤੋਂ ਬਚਣ ਲਈ ਲਗਾਤਾਰ ਆਪਣੇ ਟਿਕਾਣੇ ਬਦਲ ਰਹੇ ਸਨ। ਪੁਲਸ ਨੇ ਪੰਜਾਬ, ਹਰਿਆਣਾ, ਨਵੀਂ ਦਿੱਲੀ, ਉੱਤਰ ਪ੍ਰਦੇਸ਼, ਮਹਾਰਾਸ਼ਟਰ, ਮੱਧ ਪ੍ਰਦੇਸ਼, ਓੜੀਸ਼ਾ, ਕੋਲਕਾਤਾ, ਆਂਧਰਾ ਪ੍ਰਦੇਸ਼ ਸਮੇਤ 11 ਰਾਜਾਂ ਦਾ ਸਫਰ ਕਰਕੇ ਅਤੇ ਆਪਣੇ ਅਣਥੱਕ ਯਤਨਾਂ ਨਾਲ ਅੰਤ 'ਚ ਸੰਜੀਵੀ ਨਗਰ, ਤਿਰੂਚਿਰਾਪੱਲੀ, ਤਾਮਿਲਨਾਡੂ ਵਿੱਚ ਅਪਰਾਧੀਆਂ 'ਤੇ ਸ਼ਿਕੰਜਾ ਕੱਸਿਆ। ਦੋਸ਼ੀਆਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ 20 ਮਈ ਨੂੰ ਸ਼ਾਹਪੁਰਕੰਡੀ ਪੁਲਸ ਸਟੇਸ਼ਨ ਵਿੱਚ ਕੇਸ ਦਰਜ ਕੀਤਾ ਗਿਆ। ਮੁਢਲੀ ਪੁੱਛਗਿੱਛ ਦੌਰਾਨ ਪੀੜਤਾਂ ਨੇ ਦਾਅਵਾ ਕੀਤਾ ਕਿ ਘਟਨਾ ਦਾ ਖੁਲਾਸਾ ਉਦੋਂ ਹੋਇਆ ਜਦੋਂ ਨਸ਼ੇ ਵਿੱਚ ਧੁੱਤ ਦੋਸ਼ੀ ਨੇ ਪੀੜਤਾ ਦੇ ਘਰ ਨੂੰ ਅੱਗੇ ਆ ਕੇ ਆਪਣੇ ਵਾਹਨ ਨਾਲ ਠੋਕਰ ਮਾਰ ਦਿੱਤੀ ਸੀ ਤੇ ਆਪਸੀ ਬਹਿਸਬਾਜ਼ੀ ਸ਼ੁਰੂ ਹੋ ਗਈ। ਮੁਲਜ਼ਮਾਂ ਨੇ ਆਪਣੇ ਸਾਥੀਆਂ ਨੂੰ ਬੁਲਾ ਕੇ ਦੁਕਾਨਦਾਰ ਉੱਤੇ ਤੇਜ਼ਧਾਰ ਹਥਿਆਰਾਂ ਨਾਲ ਬੇਰਹਿਮੀ ਨਾਲ ਹਮਲਾ ਕਰ ਦਿੱਤਾ ਅਤੇ ਹਸਪਤਾਲ ਲਿਜਾਂਦੇ ਸਮੇਂ ਪੀੜਤ ਨੇ ਦਮ ਤੋੜ ਦਿੱਤਾ। ਐਸ ਐਸ ਪੀ ਨੇ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਨੂੰ ਪੁਲਸ ਰਿਮਾਂਡ ਲਈ ਪਠਾਨਕੋਟ ਅਦਾਲਤ 'ਚ ਪੇਸ਼ ਕਰਨ ਤੋਂ ਪਹਿਲਾਂ ਤਾਮਿਲਨਾਡੂ ਵਿੱਚ ਟਰਾਂਜ਼ਿਟ ਰਿਮਾਂਡ ਦੀ ਕਾਰਵਾਈ ਕੀਤੀ ਜਾਵੇਗੀ।

ਬਾਬਾ ਸਿਧਾਣਾ ਸਾਹਿਬ ਦਾ ਦੋ ਰੋਜ਼ਾ ਜੋੜ ਮੇਲਾ ਆਰੰਭ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)- ਅੱਡਾ ਝਬਾਲ ਤੋਂ ਥੋੜ੍ਹੀ ਦੂਰ ਬਘੇਲ ਸਿੰਘ ਵਾਲਾ, ਝਬਾਲ ਕਲਾਂ, ਰਸਤਾ ਲਾਲੂ ਘੁੰਮਣ ਗੁਰਦੁਆਰਾ ਬਾਬਾ ਸਿਧਾਣਾ ਸਾਹਿਬ ਦਾ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਪਹਿਲੇ ਦਿਨ ਆਰੰਭ ਹੋਇਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭੋਗ ਉਪਰੰਤ ਦੀਵਾਨ ਹਾਲ 'ਚ ਧਾਰਮਕ ਦੀਵਾਨ ਸਜਾਏ ਗਏ, ਜਿਸ ਵਿੱਚ ਕਥਾਵਾਚਕ ਭਾਈ ਅਮਰਜੀਤ ਸਿੰਘ ਸੁਰਸਿੰਘ, ਕਵੀਸ਼ਰ ਭਾਈ ਜਤਿੰਦਰ ਸਿੰਘ ਝਬਾਲ, ਢਾਡੀ ਭਾਈ ਲਖਮੀਰ ਸਿੰਘ ਕੋਮਲ, ਕਵੀਸ਼ਰ ਭਾਈ ਹਰਪਾਲ ਸਿੰਘ ਝਬਾਲ, ਕਵੀਸ਼ਰ ਭਾਈ ਕਸ਼ਮੀਰ ਸਿੰਘ ਰੁਡਾਲਾ ਨੇ ਗੁਰੂ ਜਸ ਸਰਵਣ ਕਰ ਕੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਅਤੇ ਯੋਧਿਆਂ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। 30 ਜੂਨ ਨੂੰ ਸਵੇਰੇ ਤੋਂ ਹੀ ਦੀਵਾਨ ਸਜਾਏ ਜਾਣਗੇ, ਜਿਸ 'ਚ ਭਾਈ ਗੁਰਭੇਜ ਸਿੰਘ ਜੌਹਲ, ਭਾਈ ਸਰਨਜੀਤ ਸਿੰਘ ਝਬਾਲ, ਭਾਈ ਨਾਨਕ ਸਿੰਘ ਝਬਾਲ, ਕਵੀਸ਼ਰ ਭਾਈ ਗੁਰਿੰਦਰਪਾਲ ਸਿੰਘ ਬੈਂਕਾਂ, ਕਵੀਸ਼ਰ ਭਾਈ ਭਗਵੰਤ ਸਿੰਘ ਸੂਰਵਿੰਡ, ਭਾਈ ਸੰਦੀਪ ਸਿੰਘ ਠੱਠਗੜ੍ਹ, ਢਾਡੀ ਜਥਾ ਭਾਈ ਸਤਨਾਮ ਸਿੰਘ ਲਾਲੂ ਘੁੰਮਣ ਬਾਬਾ ਸਿਧਾਣਾ ਸਾਹਿਬ ਦਾ ਜੀਵਨ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਸ਼ਾਮ 4 ਵਜੇ ਬਾਬਾ ਨਾਮਦੇਵ ਕਬੱਡੀ ਕਲੱਬ ਘੁਮਾਣ ਅਤੇ ਬਾਬਾ ਬਿਸ਼ਨ ਦਾਸ ਜੀ ਸਪੋਰਟਸ ਕਲੱਬ, ਨੱਥੂਚੱਕ ਬੈਂਕਾਂ ਵਿਚਾਲੇ ਕਬੱਡੀ ਮੈਚ ਕਰਾਏ ਜਾਣਗੇ ਤੇ ਜਿੱਤਣ ਵਾਲੀਆਂ ਟੀਮਾਂ ਨੂੰ ਨਗਦ ਇਨਾਮ ਤਕਸੀਮ ਕੀਤੇ ਜਾਣਗੇ।

ਗੁਰੂ ਕਾ ਲੰਗਰ, ਚਾਹ ਪਕੌੜੇ, ਠੰਢੇ ਮਿੱਠੇ ਜਲ ਦੀਆਂ ਛਬੀਲਾਂ ਤੇ ਹੋਰ ਵਸਤਾਂ ਅਤੂੱਟ ਵਰਤਾਈਆਂ ਜਾ ਰਹੀਆਂ ਹਨ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ ਬੱਲੂ, ਸਰਪੰਚ ਅਮਰਜੀਤ ਸਿੰਘ, ਲਖਬੀਰ ਸਿੰਘ, ਡਾ. ਮਲਕੀਅਤ ਸਿੰਘ, ਸੁਖਦੇਵ ਸਿੰਘ, ਹਰਜੀਤ ਸਿੰਘ ਭੱਟੋ, ਸੈਕਟਰੀ ਗੁਰਭੇਜ ਸਿੰਘ, ਮੇਜਰ ਸਿੰਘ ਦੋਧੀ, ਹਰਦੇਵ ਸਿੰਘ, ਸਟੇਜ ਸੈਕਟਰੀ ਕਸ਼ਮੀਰ ਸਿੰਘ, ਬਾਬਾ ਮੇਜਰ ਸਿੰਘ, ਕਵਲਜੀਤ ਸਿੰਘ ਪੰਜਾਬ ਪੁਲਸ, ਨੰਬਰਦਾਰ ਗੁਰਮੀਤ ਸਿੰਘ, ਬਾਬਾ ਗ੍ਰੰਥੀ ਗੁਰਸੇਵਕ ਸਿੰਘ, ਬਾਬਾ ਨਿੰਦਰ ਸਿੰਘ, ਅਮਰੀਕ ਸਿੰਘ ਤੇ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ।

ਰੇਲਗੱਡੀ ਦੀ ਲਪੇਟ 'ਚ ਆਉਣ ਨਾਲ ਨੌਜਵਾਨ ਦੀ ਮੌਤ

ਸ੍ਰੀ ਅਨੰਦਪੁਰ ਸਾਹਿਬ. (ਅਰਵਿੰਦਰ ਸਿੰਘ ਬਿੰਦੀ)— ਰਾਤ ਸ਼੍ਰੀ ਅਨੰਦਪੁਰ ਸਾਹਿਬ ਰੇਲਵੇ ਸਟੇਸ਼ਨ 'ਤੇ 31 ਸਾਲਾਂ ਨੌਜਵਾਨ ਦੀ ਰੇਲ ਗੱਡੀ ਹੇਠ ਆ ਕੇ ਮੌਤ ਹੋ ਗਈ। ਰੇਲਵੇ ਚੌਕੀ ਦੇ ਇੰਚਾਰਜ ਜਗਜੀਤ ਸਿੰਘ ਨੇ ਦੱਸਿਆ ਕਿ ਬੀਤੀ ਰਾਤ 8.50 ਵਜੇ ਜਦੋਂ ਦਿੱਲੀ ਤੋਂ ਊਨਾ ਜਾਣ ਵਾਲੀ ਜਨ ਸ਼ਤਾਬਦੀ ਸ਼੍ਰੀ ਅਨੰਦਪੁਰ ਸਾਹਿਬ ਪੁੱਜੀ ਤਾਂ ਗੱਡੀ ਵਿੱਚ ਸਵਾਰ 31 ਸਾਲਾਂ ਪੇਡੀ ਵੇਕਾਤਾਂ ਰਤਨਮ ਨੇ ਉਤਰਨਾ ਸੀ ਪਰ ਜਦੋਂ ਗੱਡੀ ਚਲ ਪਈ ਤਾਂ ਉਹ ਕਾਹਲੀ ਨਾਲ ਉਤਰਨ ਲੱਗਾ। ਗੱਡੀ ਦੀ ਰਫਤਾਰ ਤੇਜ ਹੋ ਗਈ ਤੇ ਨੌਜਵਾਨ ਗੱਡੀ ਦੀ ਲਪੇਟ ਵਿੱਚ ਆ ਗਿਆ ਜਿਸਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਦਸਿਆ ਕਿ ਉਕਤ ਨੌਜਵਾਨ ਮੈਕਸ ਰੇਲਵੇ ਵਿੱਚ ਅਕਾਊਟੈਂਟ ਦਾ ਕੰਮ ਕਰਦਾ ਸੀ ਤੇ ਅਣਵਿਆਹਿਆ ਸੀ। ਉਨ੍ਹਾਂ ਦੱਸਿਆ ਕਿ ਵਾਰਸਾਂ ਨੂੰ ਬੁਲਾਇਆ ਗਿਆ ਹੈ ਤੇ ਮ੍ਰਿਤਕ ਸਰੀਰ ਵਾਰਸਾਂ ਦੇ ਹਵਾਲੇ ਕਰ ਦਿੱਤਾ ਜਾਵੇਗਾ।

ਤਲਵਣ ਤੋਂ ਜਲੰਧਰ ਬੱਸ ਰੂਟ ਮੁੜ ਚਾਲੂ ਕਰਨ 'ਤੇ ਲਾਲਜੀਤ ਭੁੱਲਰ ਦਾ ਕੀਤਾ ਧੰਨਵਾਦ

ਫਿਲੌਰ (ਨਿਰਮਲ)- ਪਿੰਡ ਤਲਵਣ ਤੋਂ ਜਲੰਧਰ ਤੱਕ ਦਾ ਬੱਸ ਰੂਟ ਕਾਫੀ ਲੰਬੇ ਸਮੇਂ ਤੋਂ ਬੰਦ ਪਿਆ ਸੀ। ਜਿਸ ਕਾਰਨ ਨਾਲ ਲੱਗਦੇ ਪਿੰਡਾਂ ਵਾਲਿਆਂ ਨੂੰ ਜਲੰਧਰ ਜਾਣ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਜਿਸ 'ਤੇ ਪਿੰਡ ਵਾਸੀਆਂ ਵੱਲੋਂ ਪਾਰਲੀਮੈਂਟ ਚੋਣ ਦੌਰਾਨ ਕੈਬਨਿਟ ਮੰਤਰੀ ਲਾਲਜੀਤ ਭੁੱਲਰ ਨੂੰ ਬੇਨਤੀ ਕੀਤੀ ਸੀ ਕਿ ਤਲਵਣ ਤੋਂ ਜਲੰਧਰ ਤੱਕ ਦਾ ਰੂਟ ਮੁੜ ਚਲਾਇਆ ਜਾਵੇ।

ਇਲਾਕਾ ਵਾਸੀਆਂ ਦੀ ਮੰਗ ਪੂਰੀ ਹੋਈ ਅਤੇ ਤਲਵਣ ਤੋਂ ਜਲੰਧਰ ਤੱਕ ਦਾ ਰੂਟ ਚਾਲੂ ਹੋ ਗਿਆ। ਇਲਾਕੇ ਦੇ ਲੋਕਾਂ ਦੀ ਇਹ ਮੰਗ ਪੂਰੀ ਹੋਣ 'ਤੇ ਕੈਬਨਿਟ ਮੰਤਰੀ ਲਾਲਜੀਤ ਭੁੱਲਰ ਦਾ ਧੰਨਵਾਦ ਕੀਤਾ।

ਇਸ ਮੌਕੇ ਹਾਜਰ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਜਿੰਦਰ ਸੰਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਜੋਂ ਚੋਣਾਂ ਦੌਰਾਨ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਇੱਕ-ਇੱਕ ਕਰ ਕੇ ਪੂਰਾ ਕੀਤਾ ਜਾ ਰਿਹਾ ਹੈ।

PUBLIC NOTICE

It is brought to the notice of Public at large that Mr. Manpreet Singh s/o Sarwan Singh r/o Vill Sarhali, Jalandhar has applied for credit facilities amounting to Rs.1470000 which is repayable in 20 years from my client i.e. Aditya Birla Housing Finance Limited, Jalandhar (branch) by creating equitable mortgage of House situated at Arora Colony, Village Nurangshahpur, Tehsil Phagwara and District Kapurthala measuring about 03 Marlas as comprised in Khasra no. 389(6-16), 390(7-0), which is bounded as East: House Others, West: House of Darshan Singh, North: Others, South: Road Mr. Manpreet Singh s/o Sarwan Singh r/o Vill Sarhali, Jalandhar, borrower has stated to the Aditya Birla Housing Finance Limited that previous title deed bearing number 1339 dated 28.06.2012 as executed and registered in favor of Balvir Ram and Sale deed number 4911 dated 01.03.2007 as executed and registered in favor of Rakesh Kumar Sabharwal is lost and he has also got registered one police report regarding loss of said document on 28/06/2023 LR No. 356000/2023 with the police authorities. It is further claimed by said borrower that above mentioned documents are not involved in any dispute/litigation and charge and are stated to be not mortgaged with any Bank or Financial Institution. If anybody have any objection regarding this publication or the mortgage of above said property with Aditya Birla Housing Finance Limited, may respond within 15 Days to Mr. Rajat Punj working as Credit Manager with Aditya Birla Housing Finance Limited Jalandhar Branch at his mobile number 7986818909 or may contact to Sh. Vikas Kumar Gupta, Advocate, Jalandhar for the Aditya Birla Housing Finance Limited at his mobile number 9463182928. After expiry of stipulated period no claim would be entitled regarding any charge of any Bank or Financial Institution on Said Documents

Quotations

Sealed Quotations Are Invited From The Reputed Firms For Purchase Of Kits, Material Consumables, Medicine, Surgical Goods Other Items For Lab, Blood Bank, Dialysis Unit And Under Jssk, Emergency 24x7, Sncu And Ab-mmssby Scheme, Ortho Implant, Furniture And General Purchase. In Case These Items Are Not Available At Drug Ware House/Jan Ausdhi Store. Terms And Conditions Can Be Obtained From Office Of Under Signed. Quotations Must Reach In This Office By 14/07/2023 Upto 5pm. Under Signed Reserve The Right To Accept Or Reject Any Quotations Without Assigning Any Reason.

Senior Medical Officer I/C
Civil Hospital Gurdaspur.

ਨੋਟਿਸ

ਦੀ ਰਹੀਮਪੁਰ ਕੋ-ਆਪ ਐਗਰੀਕਲਚਰ ਮਲਟੀਪਰਪਜ਼ ਸਰਵਿਸ ਸਭਾ ਲਿਮ: ਰਹੀਮਪੁਰ ਜਲੰਧਰ ਦੇ ਸਾਰੇ ਹਿੱਸੇਦਾਰਾਂ/ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਕਰਵਾਏ ਜਾਣ ਲਈ ਸਭਾ ਦੇ ਸਕੱਤਰ ਵੱਲੋਂ ਹਲਕਾ ਨਿਰੀਖਕ ਸਹਿਕਾਰੀ ਸਭਾਵਾਂ ਚਮਿਆਰਾਂ ਰਾਹੀਂ ਜ਼ੋਨਲ ਲਿਸਟਾਂ ਇਸ ਨੂੰ ਪ੍ਰਵਾਨਗੀ ਲਈ ਭੇਜੀਆਂ ਗਈਆਂ ਹਨ, ਜੋ ਕਿ ਸਭਾ ਦੇ ਦਫਤਰ ਅਤੇ ਨਿਮਨਹਸਤਾਖਰੀ ਦੇ ਦਫਤਰ ਵਿਖੇ ਕਿਸੇ ਵੀ ਕੰਮ ਵਾਲੇ ਦਿਨ ਦੇਖੀਆਂ ਜਾ ਸਕਦੀਆਂ ਹਨ। ਇਹਨਾਂ ਦੀ ਪ੍ਰਵਾਨਗੀ ਬਾਰੇ ਕਿਸੇ ਵੀ ਮੈਂਬਰ/ਹਿੱਸੇਦਾਰ ਨੂੰ ਜੇ ਕੋਈ ਇਤਰਾਜ਼ ਹੋਵੇ ਜਾਂ ਲਿਸਟ ਵਿੱਚ ਨਾਂਅ ਸ਼ਾਮਲ ਨਾ ਕੀਤਾ ਹੋਵੇ ਤਾਂ ਉਹ ਆਪਣਾ ਇਤਰਾਜ਼

30-JUNE-PAGE-10.qxd 6/29/2023 11:22 PM Page 1

4 ਕਰੋੜ ਦੀ ਬੀਮਾ ਰਾਸ਼ੀ ਹਾਸਲ ਕਰਨ ਲਈ ਨੌਜਵਾਨ ਦਾ ਕੀਤਾ ਕਤਲ, 6 ਗ੍ਰਿਫ਼ਤਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) : ਖੁਦ ਨੂੰ ਮਰਿਆ ਦਿਖਾ ਕੇ ਬੀਮਾ ਕੰਪਨੀ ਤੋਂ 4 ਕਰੋੜ ਰੁਪਏ ਦੀ ਰਕਮ ਹਾਸਲ ਕਰਨ ਲਈ ਪਤੀ-ਪਤਨੀ ਵੱਲੋਂ ਸਾਥੀਆਂ ਨਾਲ ਮਿਲ ਕੇ ਇੱਕ ਬੇਕਸੂਰ ਨੌਜਵਾਨ ਦਾ ਬੇਰਹਿਮੀ ਨਾਲ ਕਤਲ ਕਰ ਦੇਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਨੇ ਮਾਮਲੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ 20 ਜੂਨ ਨੂੰ ਜੀਵਨਜੋਤ ਕੌਰ ਵਾਸੀ ਪਿੰਡ ਸਾਨੀਪੁਰ ਨੇ ਸਰਹਿੰਦ ਪੁਲਸ ਨੂੰ ਇਤਲਾਹ ਦਿੱਤੀ ਸੀ ਕਿ ਉਸ ਦਾ ਪਤੀ ਸੁਖਜੀਤ ਸਿੰਘ (34) ਸ਼ਾਮ ਨੂੰ ਠੇਕੇ ਤੋਂ ਸ਼ਰਾਬ ਲੈਣ ਲਈ ਗਿਆ ਸੀ, ਜੋ ਕਿ ਘਰ ਵਾਪਸ ਨਹੀਂ ਮੁੜਿਆ, ਜਿਸ ਉਪਰੰਤ ਸਰਹਿੰਦ ਪੁਲਸ ਨੇ ਸੁਖਜੀਤ ਸਿੰਘ ਦੀ ਭਾਲ ਸ਼ੁਰੂ ਕੀਤੀ ਤਾਂ ਉਸ ਦਾ ਮੋਟਰਸਾਈਕਲ ਤੇ ਚੱਪਲਾਂ ਉਸ ਦੇ ਪਿੰਡ ਸਾਨੀਪੁਰ ਕੋਲੋਂ ਹੀ ਲੰਘਦੀ ਨਹਿਰ ਦੀ ਪਟੜੀ ਤੋਂ ਬਰਾਮਦ ਹੋਈਆਂ ਤੇ ਮੋਬਾਈਲ ਫੋਨ ਨਹਿਰ ਦੀ ਪਟੜੀ 'ਤੇ ਮਿੱਟੀ 'ਚ ਦੱਬਿਆ ਹੋਇਆ ਮਿਲਿਆ, ਜਿਸ ਕਾਰਨ ਪਹਿਲਾਂ ਆਤਮਹੱਤਿਆ ਦਾ ਲੱਗ ਰਿਹਾ ਮਾਮਲਾ ਪਰਿਵਾਰ ਤੇ ਪੁਲਸ ਨੂੰ ਸ਼ੱਕੀ ਜਾਪਣ ਲੱਗਾ, ਜਿਸ 'ਤੇ ਐੱਸ.ਐੱਸ.ਪੀ. ਵੱਲੋਂ ਇਸ ਮਾਮਲੇ ਦੀ ਪੜਤਾਲ ਲਈ ਡੀ.ਐੱਸ.ਪੀ. (ਪੀ ਬੀ ਆਈ) ਗੁਰਬੰਸ ਸਿੰਘ ਬੈਂਸ ਦੀ ਅਗਵਾਈ 'ਚ ਐੱਸ.ਐੱਚ.ਓ. ਸਰਹਿੰਦ ਗੁਰਦੀਪ ਸਿੰਘ ਤੇ ਐੱਸ.ਐੱਚ.ਓ. ਬੜਾਲੀ ਆਲਾ ਸਿੰਘ ਨਰਪਿੰਦਰ ਸਿੰਘ ਅਧਾਰਤ ਇੱਕ ਤਿੰਨ ਮੈਂਬਰੀ ਟੀਮ ਗਠਿਤ ਕੀਤੀ ਗਈ, ਜਿਸ ਵੱਲੋਂ ਕੀਤੀ ਗਈ ਪੜਤਾਲ ਦੌਰਾਨ ਪਤਾ ਲੱਗਾ ਕਿ ਸੁਖਜੀਤ ਸਿੰਘ ਦੀ ਪਿਛਲੇ 20/25 ਦਿਨਾਂ ਤੋਂ ਗੁਰਪ੍ਰੀਤ ਸਿੰਘ ਵਾਸੀ ਪਿੰਡ ਹੁਸੈਨਪੁਰ ਹਾਲ ਵਾਸੀ ਸਾਨੀਪੁਰ ਰੋਡ ਸਰਹਿੰਦ ਨਾਲ ਦੋਸਤੀ ਹੋਈ ਸੀ ਤੇ ਜਿਸ ਦਿਨ ਸੁਖਜੀਤ ਸਿੰਘ ਲਾਪਤਾ ਹੋਇਆ, ਉਸ ਦਿਨ ਵੀ ਉਸ ਨੂੰ

ਗੁਰਪ੍ਰੀਤ ਸਿੰਘ, ਇਸ ਦੇ ਹੋਰ ਇੱਕ ਸਾਥੀ ਸੁਖਵਿੰਦਰ ਸਿੰਘ ਸੰਘਾ, ਗੁਰਪ੍ਰੀਤ ਸਿੰਘ ਦੀ ਪਤਨੀ ਖੁਸ਼ਦੀਪ ਕੌਰ ਨਾਲ ਦੇਖਿਆ ਗਿਆ ਸੀ। ਪੜਤਾਲੀਆ ਟੀਮ ਨੇ ਗੁਰਪ੍ਰੀਤ ਸਿੰਘ ਦੀ ਭਾਲ ਸ਼ੁਰੂ ਕੀਤੀ ਗਈ ਤਾਂ ਪਤਾ ਲੱਗਾ ਕਿ ਗੁਰਪ੍ਰੀਤ ਸਿੰਘ ਦੀ ਤਾਂ 20 ਜੂਨ ਨੂੰ ਇੱਕ ਸੜਕ ਹਾਦਸੇ 'ਚ ਮੌਤ ਹੋ ਚੁੱਕੀ ਹੈ ਤੇ ਉਸ ਦੇ ਪਰਿਵਾਰ ਵੱਲੋਂ ਗੁਰਪ੍ਰੀਤ ਸਿੰਘ ਦਾ ਅੰਤਿਮ ਸੰਸਕਾਰ ਵੀ ਕੀਤਾ ਜਾ ਚੁੱਕਾ ਹੈ ਤੇ ਸੜਕ ਹਾਦਸੇ 'ਚ ਹੋਈ ਉਸ ਦੀ ਮੌਤ ਦੇ ਸਬੰਧ 'ਚ ਥਾਣਾ ਸਦਰ ਰਾਜਪੁਰਾ ਵਿਖੇ ਅ/ਧ 304ਏ,379 ਆਈ.ਪੀ.ਸੀ. ਤਹਿਤ ਮਾਮਲਾ ਵੀ ਦਰਜ ਹੈ। ਮਾਮਲੇ 'ਚ ਸ਼ੱਕ ਹੋਰ ਵਧਣ 'ਤੇ ਪੜਤਾਲੀਆ ਟੀਮ ਵੱਲੋਂ ਗੁਰਪ੍ਰੀਤ ਸਿੰਘ ਦੀ ਲਾਸ਼ ਦੀਆਂ ਫੋਟੋਆਂ ਸੁਖਦੀਪ ਸਿੰਘ ਦੀ ਪਤਨੀ ਨੂੰ ਦਿਖਾਈਆਂ ਗਈਆਂ, ਜਿਸ ਨੇ ਪੈਰਾਂ ਤੋਂ ਆਪਣੇ ਪਤੀ ਨੂੰ ਪਹਿਚਾਣਦੇ ਹੋਏ ਕਿਹਾ ਕਿ ਇਹ ਲਾਸ਼ ਉਸ ਦੇ ਪਤੀ ਸੁਖਦੀਪ ਸਿੰਘ ਦੀ ਹੈ। ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਤਫਤੀਸ਼ ਦੌਰਾਨ ਸਾਹਮਣੇ ਆਇਆ ਕਿ ਗੁਰਪ੍ਰੀਤ ਸਿੰਘ ਤੇ ਉਸਦੇ ਸਾਥੀਆਂ ਨੇ ਬੀਮਾ ਏਜੰਟ ਰਾਜੇਸ਼ ਕੁਮਾਰ ਸ਼ਰਮਾ ਨਾਲ ਮਿਲ ਕੇ ਇੱਕ ਸਾਜ਼ਿਸ਼ ਤਹਿਤ ਆਪਣਾ 4 ਕਰੋੜ ਰੁਪਏ ਦਾ ਬੀਮਾ ਕਰਵਾਇਆ ਸੀ ਤੇ ਉਹ ਬੀਤੇ 10 ਮਹੀਨਿਆਂ ਤੋਂ ਕਿਸੇ ਅਜਿਹੇ ਵਿਅਕਤੀ ਦੀ ਭਾਲ ਕਰ ਰਹੇ ਸਨ, ਜਿਸ ਦੀ ਲਾਸ਼ ਨੂੰ ਵਰਤ ਕੇ ਉਹ ਬੀਮੇ ਦੀ 4 ਕਰੋੜ ਦੀ ਰਾਸ਼ੀ ਹਾਸਲ ਕਰ ਸਕਣ, ਜਿਸ ਦੇ ਚੱਲਦਿਆਂ ਉਨ੍ਹਾਂ ਨੇ ਪਹਿਲਾਂ ਕਪਿਲ ਵਾਸੀ ਕੁੰਭੜਾ ਤੇ ਫਿਰ ਕਮਲਦੀਪ ਸਿੰਘ ਵਾਸੀ ਧਰੇੜੀ ਜੱਟਾਂ ਨੂੰ ਕਤਲ ਕਰਨ ਦੀ ਸੋਚੀ, ਪਰ ਇੱਕ ਦੇ ਸਰੀਰ ਦੀ ਬਣਤਰ ਵੱਖਰੀ ਨਿੱਕਲੀ ਤੇ ਇੱਕ ਦੀ ਬਾਂਹ 'ਤੇ ਟੈਟੂ ਨਿੱਕਲਿਆ, ਜਿਸ ਕਰਕੇ ਸਕੀਮ ਸਿਰੇ ਨਾ ਚੜ੍ਹ ਸਕੀ, ਜਿਸ ਤੋਂ ਬਾਅਦ ਉਨ੍ਹਾਂ ਨੇ ਗੁਰਪ੍ਰੀਤ ਸਿੰਘ ਵਰਗੀ ਸਰੀਰਕ ਬਣਤਰ ਦੇ ਦਿਖਾਈ ਦਿੰਦੇ ਸੁਖਦੀਪ ਸਿੰਘ ਵਾਸੀ ਸਾਨੀਪੁਰ ਦੀ ਸ਼ਿਕਾਰ ਵਜੋਂ ਚੋਣ ਕੀਤੀ, ਜਿਸ ਨੂੰ ਸ਼ਰਾਬ 'ਚ ਨਸ਼ੀਲੀ ਵਸਤੂ ਪਾ ਕੇ ਪਿਲਾਉਣ ਉਪਰੰਤ ਪਹਿਲਾਂ ਸੜਕ 'ਤੇ ਲਿਟਾਇਆ ਗਿਆ ਤੇ ਫਿਰ ਉਸ ਦਾ ਚਿਹਰਾ ਬੇਪਛਾਣ ਕਰਨ ਲਈ ਦੋ ਵਾਰ ਟਰੱਕ ਉਸ ਦੇ ਉੱਪਰੋਂ ਲੰਘਾ ਕੇ ਉਸ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਡਾ. ਰਵਜੋਤ ਗਰਵੋਲ ਨੇ ਦੱਸਿਆ ਕਿ ਕਤਲ ਦੀ ਇਸ ਘਿਨਾਉਣੀ ਵਾਰਦਾਤ 'ਚ ਗੁਰਪ੍ਰੀਤ ਸਿੰਘ ਦੀ ਪਤਨੀ ਖੁਸ਼ਦੀਪ ਕੌਰ, ਸੁਖਵਿੰਦਰ ਸਿੰਘ ਸੰਘਾ ਵਾਸੀ ਪਿੰਡ ਭਗੜਾਣਾ, ਟਰੱਕ ਚਾਲਕ ਜਸਪਾਲ ਸਿੰਘ ਉਰਫ ਜੱਸਾ ਵਾਸੀ ਪਿੰਡ ਮਾੜੂ (ਪਟਿਆਲਾ), ਦਿਨੇਸ਼ ਕੁਮਾਰ ਰਿੰਕੂ ਵਾਸੀ ਰਾਜਪੁਰਾ ਤੇ ਬੀਮਾ ਏਜੰਟ ਰਾਜੇਸ਼ ਕੁਮਾਰ ਸ਼ਰਮਾ ਦੀ ਸ਼ਮੂਲੀਅਤ ਸਾਹਮਣੇ ਆ ਚੁੱਕੀ ਹੈ ਤੇ ਉਕਤ ਛੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਵਾਰਦਾਤ 'ਚ ਵਰਤੇ ਗਏ ਟਰੱਕ ਤੇ ਬਲੈਨੋ ਕਾਰ ਵੀ ਬਰਾਮਦ ਕਰ ਲਈ ਗਈ ਹੈ। ਮ੍ਰਿਤਕ ਸੁਖਜੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਡੀ.ਐੱਸ.ਪੀ. ਗੁਰਬੰਸ ਸਿੰਘ ਬੈਂਸ ਤੇ ਉਨ੍ਹਾਂ ਦੀ ਟੀਮ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਬਹੁਤ ਸੂਝਬੂਝ ਨਾਲ ਵਾਰਦਾਤ ਨੂੰ ਸੁਲਝਾਉਂਦੇ ਹੋਏ ਦੋਸ਼ੀਆਂ ਨੂੰ ਸਲਾਖਾਂ ਤੱਕ ਪਹੁੰਚਾਇਆ।

ਇੱਕ ਮਾਹਰ ਡਾਕਟਰ ਤੇ ਨਿਪੁੰਨ ਪ੍ਰਸ਼ਾਸਕ ਡਾ. ਰੰਜੂ ਸਿੰਗਲਾ

ਸੇਵਾਮੁਕਤੀ 'ਤੇ ਵਿਸ਼ੇਸ਼

'ਕਦਮ ਉਸ ਦੇ ਹੀ ਚੁੰਮਦੀਆਂ ਹਨ ਮੰਜ਼ਿਲਾਂ, ਜਿਨ੍ਹਾਂ ਦਾ ਹੌਸਲੇ ਨਾਲ ਜਾਰੀ ਰਿਹਾ ਚੱਲਣਾ' ਜ਼ਿੰਦਗੀ ਦੇ ਸਫਰ ਤੇ ਦ੍ਰਿੜ੍ਹਤਾ ਨਾਲ ਅੱਗੇ ਵਧਦੇ ਜਾਣਾ ਸਫਲਤਾ ਦੀ ਨਿਸ਼ਾਨੀ ਹੁੰਦੀ ਹੈ। ਹਰੇਕ ਸਫਲ ਵਿਅਕਤੀ ਦੀ ਜ਼ਿੰਦਗੀ ਦਾ ਸਫਰ ਕਠਿਨਾਈਆਂ ਭਰਪੂਰ ਹੁੰਦਾ ਹੈ, ਪਰ ਕੁੱਝ ਵਿਅਕਤੀ ਆਪਣੀ ਇਮਾਨਦਾਰੀ, ਸੂਝਬੂਝ, ਲਿਆਕਤ, ਮਿਹਨਤ ਤੇ ਚੰਗੇ ਸੁਭਾਅ ਕਰਕੇ ਸਮਾਜ ਵਿੱਚ ਆਪਣੀ ਵੱਖਰੀ ਪਹਿਚਾਣ ਬਣਾ ਲੈਂਦੇ ਹਨ। ਅਜਿਹੀ ਹੀ ਸ਼ਖ਼ਸੀਅਤ ਦੇ ਮਾਲਕ ਹਨ ਸਤਿਕਾਰਯੋਗ ਡਾ: ਰੰਜੂ ਸਿੰਗਲਾ ਸਿਵਲ ਸਰਜਨ, ਸ੍ਰੀ ਮੁਕਤਸਰ ਸਾਹਿਬ।

ਆਪ ਨੇ ਬਤੌਰ ਮੈਡੀਕਲ ਅਫਸਰ (ਪੀ.ਸੀ.ਐਮ.ਐਸ.) 6 ਫਰਵਰੀ 1989 ਨੂੰ ਸਲੱਮ ਏਰੀਆ ਡਿਸਪੈਂਸਰੀ ਗਨੇਸ਼ਾ ਬਸਤੀ ਬਠਿੰਡਾ ਵਿਖੇ ਸਰਕਾਰੀ ਨੌਕਰੀ ਜੁਆਇੰਨ ਕੀਤੀ। ਉਸ ਤੋਂ ਬਾਅਦ ਆਪ ਸੁਨਾਮ, ਨਾਭਾ ਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਵੱਖ ਵੱਖ ਸਿਹਤ ਸੰਸਥਾਵਾਂ ਵਿੱਚ ਕੰਮ ਕਰਦੇ ਰਹੇ। ਸਾਲ 2015 ਵਿੱਚ ਆਪ ਨੂੰ ਪੰਜਾਬ ਸਰਕਾਰ ਵੱਲੋਂ ਤਰੱਕੀ ਦੇ ਕੇ ਦਫਤਰ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਵਿਖੇ ਬਤੌਰ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਨਿਯੁਕਤ ਕੀਤਾ ਗਿਆ, ਜਿਥੇ ਆਪ ਨੇ ਆਪਣੀ ਡਿਊਟੀ ਪੂਰੀ ਮਿਹਨਤ, ਇਮਾਨਦਾਰੀ, ਲਿਆਕਤ ਤੇ ਤਨਦੇਹੀ ਨਾਲ ਕੀਤੀ। ਆਪ ਟਿਊਬੈਕਟਮੀਆਂ ਤੇ ਗਾਇਨੀ ਸਰਜਰੀ ਕਰਦੇ ਹੋਏ ਕਦੇ ਵੀ ਅਕਦੇ, ਥਕਦੇ ਨਹੀਂ ਸਨ। ਆਪ ਨੂੰ ਪੰਜਾਬ ਸਰਕਾਰ ਵੱਲੋਂ ਬੈਸਟ ਟਿਊਬੈਕਟਮੀ ਸਰਜਨ ਦਾ ਸਟੇਟ ਐਵਾਰਡ ਪ੍ਰਾਪਤ ਹੋਇਆ ਹੈ। ਆਪ ਨੂੰ ਪੰਜਾਬ ਸਰਕਾਰ ਵੱਲੋਂ ਇੱਕ ਹੋਰ ਤਰੱਕੀ ਦੇ ਕੇ ਜਨਵਰੀ 2021 'ਚ ਬਤੌਰ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਨਿਯੁਕਤ ਕੀਤਾ ਗਿਆ, ਜਿੱਥੇ ਕਿ ਆਪ ਹੁਣ ਸੇਵਾਵਾਂ ਨਿਭਾ ਰਹੇ ਹਨ। ਆਪ ਇੱਕ ਮਾਹਰ ਡਾਕਟਰ ਹੋਣ ਦੇ ਨਾਲ ਨਾਲ ਨਿਪੁੰਨ ਪ੍ਰਸ਼ਾਸਕ ਵੀ ਹਨ ਤੇ ਆਪ ਨੇ ਆਪਣੀਆ ਪ੍ਰਬੰਧਕੀ ਡਿਊਟੀਆਂ ਦੌਰਾਨ ਜ਼ਿਲ੍ਹੇ ਵਿੱਚ ਸਿਹਤ ਸੇਵਾਵਾਂ ਦੇ ਪੱਧਰ ਨੂੰ ਉੱਚਾ ਕੀਤਾ ਹੈ। ਦਫਤਰ ਵਿੱਚ ਆਉਣ ਵਾਲੇ ਹਰੇਕ ਵਿਅਕਤੀ ਦੀ ਗੱਲ ਪੂਰੀ ਧਿਆਨ ਨਾਲ ਸੁਣਦੇ ਹਨ ਤੇ ਉਸ ਦੀ ਹਰ ਸੰਭਵ ਸਹਾਇਤਾ ਕਰਦੇ ਹਨ। ਕੋਰੋਨਾ ਮਹਾਮਾਰੀ

ਦੌਰਾਨ ਆਪ ਖੁੱਦ ਕੋਰੋਨਾ ਪੌਜ਼ਟਿਵ ਵੀ ਹੋਏ, ਪ੍ਰੰਤੂ ਫਿਰ ਵੀ ਕੋਰੋਨਾ ਪੌਜ਼ਟਿਵ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ। ਡਾ. ਰੰਜੂ ਸਿੰਗਲਾ ਵੱਲੋਂ ਜ਼ਿਲ੍ਹੇ ਦੇ ਸਾਰੇ ਸਿਵਲ ਹਸਪਤਾਲਾਂ ਵਿੱਚ ਆਪਣੇ ਨਿੱਜੀ ਯਤਨਾ ਸਦਕਾ ਆਕਸੀਜਨ ਪਲਾਂਟ ਲਗਵਾਏ ਗਏ। ਕੋਰੋਨਾ ਦੀ ਵੈਕਸੀਨੇਸ਼ਨ ਲਈ ਲੋਕਾਂ ਦੇ ਮਨਾਂ 'ਚ ਵੈਕਸੀਨ ਦਾ ਡਰ ਕੱਢਣ ਲਈ ਜ਼ਿਲ੍ਹੇ 'ਚ ਕੋਰੋਨਾ ਵੈਕਸੀਨ ਦਾ ਪਹਿਲਾ ਟੀਕਾ ਇਨ੍ਹਾਂ ਨੇ ਆਪ ਲਗਵਾਇਆ, ਜਿਸ ਨਾਲ ਕੋਰੋਨਾ ਵੈਕਸੀਨੇਸ਼ਨ ਦੀ ਪ੍ਰਾਪਤੀ ਜ਼ਿਲ੍ਹੇ ਵਿੱਚ ਬਹੁਤ ਵਧੀਆ ਰਹੀ। ਉਨ੍ਹਾ ਸਿਵਲ ਸਰਜਨ ਦਫਤਰ ਤੇ ਸਿਵਲ ਹਸਪਤਾਲ ਵਿਖੇ ਖੂਨਦਾਨ ਕੈਂਪ ਲਗਵਾਏ, ਜਿਸ ਵਿੱਚ ਸਭ ਤੋਂ ਪਹਿਲਾਂ ਖੁਦ ਖੂਨ ਦਾਨ ਕਰਕੇ ਲੋਕਾਂ ਨੂੰ ਖੂਨ ਦਾਨ ਪ੍ਰਤੀ ਪ੍ਰੇਰਿਤ ਕੀਤਾ। ਇਸੇ ਤਰ੍ਹਾਂ ਇਨ੍ਹਾਂ ਟੀ. ਬੀ. ਦੇ ਲੋੜਵੰਦ ਮਰੀਜ਼ਾਂ ਨੂੰ ਖੁਰਾਕ ਕਿੱਟਾਂ ਦੇਣ ਦੀ ਸ਼ੁਰੂਆਤ ਆਪਣੇ ਤੋਂ ਕਰਕੇ ਸਿਹਤ ਵਿਭਾਗ ਦੇ ਸਟਾਫ ਤੇ ਹੋਰ ਲੋਕਾਂ ਨੂੰ ਵੀ ਇਸ ਲਈ ਪ੍ਰੇਰਿਤ ਕੀਤਾ। ਡਾ. ਰੰਜੂ ਸਿੰਗਲਾ ਵੱਲੋਂ ਨਿੱਜੀ ਕੋਸ਼ਿਸ਼ਾਂ ਕਰਕੇ ਸਿਵਲ ਹਸਪਤਾਲ ਸ਼੍ਰੀ ਮੁਕਤਸਰ ਸਾਹਿਬ ਵਿਖੇ ਐੱਸ.ਡੀ.ਪੀ. ਮਸ਼ੀਨ ਲਿਆਂਦੀ ਗਈ, ਜਿਸ ਨਾਲ ਡੇਂਗੂ ਦੇ ਮਰੀਜ਼ਾਂ ਤੇ ਹੋਰ ਸੈੱਲ ਘੱਟ ਹੋਣ ਵਾਲੇ ਮਰੀਜ਼ਾਂ ਨੂੰ ਲਾਭ ਮਿਲ ਰਿਹਾ ਹੈ। ਡਾ. ਰੰਜੂ ਸਿੰਗਲਾ ਵੱਲੋਂ ਜ਼ਿਲ੍ਹੇ 'ਚ ਸਿਵਲ ਹਸਪਤਾਲ ਸ਼੍ਰੀ ਮੁਕਤਸਰ ਸਾਹਿਬ, ਮਲੋਟ ਤੇ ਗਿੱਦੜਬਾਹਾ ਵਿਖੇ ਐਮ.ਸੀ.ਐਚ. ਵਿੰਗ ਸ਼ੁਰੂ ਕਰਵਾਉਣ 'ਚ ਅਹਿਮ ਭੂਮਿਕਾ ਨਿਭਾਈ, ਜੋ ਸਫਲਤਾ ਪੂਰਵਕ ਚੱਲ ਰਹੇ ਹਨ। ਇਨ੍ਹਾ ਵੱਲੋਂ ਸਿਵਲ ਹਸਪਤਾਲ ਵਿਖੇ ਸੀ.ਟੀ. ਸਕੈਨ ਮਸ਼ੀਨ ਵੀ ਲਗਵਾਈ ਗਈ ਤਾਂ ਜੋ ਬਹੁਤ ਘੱਟ ਰੇਟਾਂ 'ਤੇ ਲੋਕਾਂ ਨੂੰ ਸੀ. ਟੀ. ਸਕੈਨ ਦੀ ਸਹੂਲਤ ਉਪਲੱਬਧ ਹੋ ਸਕੇ। ਜ਼ਿਲ੍ਹੇ ਵਿੱਚ ਮਾਹਰ ਡਾਕਟਰਾਂ ਦੀ ਬਹੁਤ ਜ਼ਿਆਦਾ ਘਾਟ ਹੋਣ ਦੇ ਬਾਵਜੂਦ ਵਧੀਆ ਮੈਨੇਜਮੈਂਟ ਕਰਕੇ ਇਨ੍ਹਾਂ ਵੱਲੋਂ ਲੋਕਾਂ ਨੂੰ ਸਰਕਾਰੀ ਸਿਹਤ ਸਹੂਲਤਾਂ ਪ੍ਰਾਪਤ ਕਰਵਾਈਆਂ ਗਈਆਂ। ਆਪ ਨੂੰ ਜ਼ਿਲ੍ਹੇ ਵਿੱਚ ਵਧੀਆ ਸਿਹਤ ਸੇਵਾਵਾਂ ਬਦਲੇ ਸਾਲ 2023 ਵਿੱਚ ਕਾਇਆਕਲਪ ਪ੍ਰੋਗਰਾਮ ਰਾਜ ਪੱਧਰ 'ਤੇ ਸਿਹਤ ਮੰਤਰੀ ਪੰਜਾਬ ਵੱਲੋਂ ਸਨਮਾਨਤ ਵੀ ਕੀਤਾ ਗਿਆ। ਆਪ ਨੂੰ ਰਾਜ ਪੱਧਰ ਤੇ ਜ਼ਿਲ੍ਹਾ ਪੱਧਰ 'ਤੇ ਅਤੇ ਵੱਖ ਵੱਖ ਸਮਾਜਸੇਵੀ ਸੰਸਥਾਵਾਂ ਵੱਲੋਂ ਸਮੇਂ ਸਮੇਂ ਤੇ ਸਨਮਾਨਤ ਕੀਤਾ ਜਾਂਦਾ ਰਿਹਾ ਹੈ।

ਇਹ ਮਹਾਨ ਸ਼ਖ਼ਸੀਅਤ ਅੱਜ 30 ਜੂਨ 2023 ਨੂੰ 34 ਸਾਲ 4 ਮਹੀਨੇ 25 ਦਿਨਾਂ ਦੀ ਬੇਦਾਗ ਸੇਵਾ ਕਰਨ ਉਪਰੰਤ ਸੇਵਾ ਮੁਕਤ ਹੋ ਰਹੇ ਹਨ। ਇਨ੍ਹਾਂ ਦੀ ਸੇਵਾ ਮੁਕਤੀ 'ਤੇ ਜ਼ਿਲ੍ਹੇ ਨੂੰ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ।

-ਸ਼ਮਿੰਦਰਪਾਲ, ਮੁਕਤਸਰ

ਕਾਤਰਾਂ

ਮਲੇਰੀਆ ਸੰਬੰਧੀ ਜਾਗਰੂਕਤਾ ਕੈਂਪ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਿਵਲ ਸਰਜਨ ਫ਼ਿਰੋਜ਼ਪੁਰ ਡਾ. ਰਜਿੰਦਰ ਪਾਲ ਅਤੇ ਜ਼ਿਲ੍ਹਾ ਐਪੀਡੀਮਲੋਜਿਸਟ ਡਾ. ਯੁਵਰਾਜ ਨਾਰੰਗ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸੀ ਐੱਚ ਸੀ ਫਿਰੋਜ਼ਸ਼ਾਹ ਐੱਸ ਐੱਮ ਓ ਡਾਕਟਰ ਰਿਤੇਸ਼ ਸੋਹਤਰਾ ਦੀ ਯੋਗ ਅਗਵਾਈ ਹੇਠ ਸਬ ਸੈਂਟਰ ਭੋਲੂ ਵਾਲਾ ਅਧੀਨ ਆਉਂਦੇ ਪਿੰਡ ਭੋਲੂ ਵਾਲਾ ਵਿਖੇ ਮਲੇਰੀਆ ਜਾਗਰੂਕਤਾ ਕੈਂਪ ਮਨਾਇਆ ਗਿਆ।ਜਿਸ ਵਿੱਚ ਸਿਹਤ ਕਰਮਚਾਰੀ ਕੁਲਵਿੰਦਰ ਕੁਮਾਰ ਸਬ ਸੈਂਟਰ ਭੋਲੂ ਵਾਲਾ ਅਤੇ ਅਮਨਦੀਪ ਸਿੰਘ ਐੱਸ ਆਈ ਇਸ ਜਾਗਰੂਕਤਾ ਕੈਂਪ ਵਿਚ ਮੌਜੂਦ ਲੋਕਾਂ ਨੂੰ ਮਲੇਰੀਆ ਦੇ ਫੈਲਣ ਦੇ ਕਾਰਨਾਂ ਬਾਰੇ ਦੱਸਿਆ ਗਿਆ ਹੈ ਕਿ ਮਲੇਰੀਆ ਮਾਦਾ ਐਨਾਵਲੀਜ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਜਿਸ ਵਿਚ ਕਾਂਬੇ ਵਾਲਾ ਬੁਖ਼ਾਰ, ਤੇਜ਼ ਬੁਖ਼ਾਰ, ਉਲਟੀਆਂ ਅਤੇ ਸਿਰ ਦਰਦ ਹੋਣਾ, ਬੁਖ਼ਾਰ ਉਤਰਨ ਤੋਂ ਬਾਅਦ ਥਕਾਵਟ ਅਤੇ ਕਮਜ਼ੋਰੀ ਹੋਣਾ ਮਲੇਰੀਆ ਦੇ ਬਚਾਅ ਲਈ ਸਾਨੂੰ ਆਪਣੇ ਘਰਾਂ ਦੇ ਆਲੇ-ਦੁਆਲੇ ਛੋਟੇ ਮੋਟੇ ਟੋਇਆਂ ਵਿੱਚ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ। ਇਸ ਮੌਕੇ ਪਿੰਡ ਵਾਸੀ ਅਤੇ ਸਰਨਜੀਤ ਕੌਰ ਏ ਐੱਨ ਐੱਮ ਤੇ ਸਿਹਤ ਕਰਮਚਾਰੀ ਅਤੇ ਆਸ਼ਾ ਵਰਕਰ ਮੌਜੂਦ ਸਨ।

ਬਲੌਜ਼ਮਜ ਕਾਨਵੈਂਟ ਸਕੂਲ ਦੇ ਉਪਰਾਲੇ ਹੋ ਰਹੇ ਹਨ ਸਿੱਧ ਸਾਬਿਤ

ਜਗਰਾਉਂ, (ਸੰਜੀਵ ਅਰੋੜਾ, ਅਮਿਤ ਖੰਨਾ)-ਬਲੌਜ਼ਮਜ ਕਾਨਵੈਂਟ ਸਕੂਲ ਵਿੱਚ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਅਧਿਆਪਕਾਂ ਵੱਲੋਂ ਹਰ ਸਮੇਂ ਕੋਸ਼ਿਸ਼ ਵਿੱਚ ਰਿਹਾ ਜਾ ਰਿਹਾ ਹੈ। ਵਿਦਿਆਰਥੀ ਆਪਣੇ ਆਪ ਵਿੱਚ ਐਸੀ ਪ੍ਰੇਰਨਾ ਭਰ ਰਹੇ ਹਨ, ਜੋ ਉਨ੍ਹਾਂ ਨੂੰ ਚੰਗੇਰੇ ਨਤੀਜਿਆਂ ਵੱਲ ਲੈ ਕੇ ਜਾਣਗੇ। ਮਾਪਿਆਂ ਵੱਲੋਂ ਇਸ ਗੱਲ ਦੀ ਸ਼ਲਾਘਾ ਕੀਤੀ ਜਾ ਰਹੀ ਹੈ ਕਿ ਸਕੂਲ ਵੱਲੋਂ ਛੁੱਟੀਆਂ ਵਿੱਚ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਉਨ੍ਹਾਂ ਦੇ ਬੱਚਿਆਂ ਨੂੰ ਕਿਸੇ ਪ੍ਰਕਾਰ ਦੀ ਕੋਈ ਕਮੀ ਮਹਿਸੂਸ ਨਾ

30-Jun-PAGE- 8.qxd 6/29/2023 10:29 PM Page 1

ਸਪੈਸ਼ਲ ਓਲੰਪਿਕਸ 'ਚ ਪੰਜਾਬ ਦੇ ਖਿਡਾਰੀ ਚਮਕੇ-ਜਿੱਤੇ ਤਿੰਨ ਸੋਨੇ, ਇਕ ਚਾਂਦੀ ਤੇ ਚਾਰ ਕਾਂਸੀ ਦੇ ਤਮਗੇ

ਚੰਡੀਗੜ੍ਹ, (ਗੁਰਜੀਤ ਬਿੱਲਾ)— ਬਰਲਿਨ ਵਿਖੇ ਹਾਲ ਹੀ ਵਿੱਚ ਸੰਪੰਨ ਹੋਈਆਂ ਸਪੈਸ਼ਲ ਓਲੰਪਿਕਸ ਵਰਲਡ ਸਮਰ ਗੇਮਜ- 2023 ਵਿੱਚ ਭਾਰਤੀ ਖਿਡਾਰੀਆਂ ਦੇ ਬਿਹਤਰੀਨ ਪ੍ਰਦਰਸਨ ਵਿੱਚ ਪੰਜਾਬ ਦੇ ਖਿਡਾਰੀਆਂ ਦਾ ਵੀ ਅਹਿਮ ਯੋਗਦਾਨ ਰਿਹਾ। ਪੰਜਾਬ ਦੇ ਸੱਤ ਖਿਡਾਰੀਆਂ ਨੇ ਵੱਖ-ਵੱਖ ਈਵੈਂਟਾਂ ਵਿੱਚ ਤਿੰਨ ਸੋਨੇ, ਇਕ ਚਾਂਦੀ ਤੇ ਚਾਰ ਕਾਂਸੀ ਦੇ ਤਮਗੇ ਜਿੱਤੇ। ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪੰਜਾਬ ਲਈ ਮਾਣ ਵਾਲੀ ਗੱਲ ਹੈ ਕਿ ਸਪੈਸਲ ਓਲੰਪਿਕਸ ਵਿੱਚ ਪੰਜਾਬ ਦੇ ਖਿਡਾਰੀਆਂ ਨੇ ਚੰਗਾ ਪ੍ਰਦਰਸ਼ਨ ਕਰਕੇ ਦੇਸ਼ ਦਾ ਨਾਂਅ ਚਮਕਾਇਆ। ਉਨ੍ਹਾਂ ਕਿਹਾ ਕਿ ਹੋਰ ਵੀ ਵੱਡੀ ਗੱਲ ਹੈ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚੇ (ਸਪੈਸ਼ਲ ਖਿਡਾਰੀ) ਅਨੇਕਾਂ ਦੁਸਵਾਰੀਆਂ ਤੇ ਔਕੜਾਂ ਦੇ ਬਾਵਜੂਦ ਆਪਣੀ ਸਖਤ ਮਿਹਨਤ ਤੇ ਲਗਨ ਨਾਲ ਖੇਡਾਂ ਵਿਚ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈ ਰਹੇ ਹਨ ਅਤੇ ਦੇਸ਼ ਲਈ ਤਮਗੇ ਜਿੱਤ ਰਹੇ ਹਨ।

ਮੀਤ ਹੇਅਰ ਨੇ ਅੱਗੇ ਦੱਸਿਆ ਕਿ ਪੰਜਾਬ ਦੇ ਖਿਡਾਰੀਆਂ ਵੱਲੋਂ ਜਿੱਤੇ ਤਗਮਿਆਂ ਵਿੱਚ ਰੋਲਰ ਸਕੇਟਿੰਗ ਵਿੱਚ ਐਮ.ਡੀ. ਨਿਸਾਰ ਨੇ ਸੋਨੇ ਦਾ ਤਮਗਾ, ਰੇਨੂੰ ਨੇ ਦੋ ਕਾਂਸੀ ਦੇ ਤਮਗੇ ਅਤੇ ਸੀਤਾ ਨੇ ਇਕ ਕਾਂਸੀ ਦਾ ਤਮਗਾ ਜਿੱਤਿਆ। ਰਵਾਇਤੀ ਫੁੱਟਬਾਲ ਵਿੱਚ ਜਤਿੰਦਰ ਸਿੰਘ ਤੇ ਹਰਜੀਤ ਸਿੰਘ ਨੇ ਸੋਨੇ ਦਾ ਤਮਗਾ, ਬਾਸਕਟਬਾਲ ਵਿੱਚ ਪ੍ਰਿਆ ਦੇਵੀ ਨੇ ਚਾਂਦੀ ਦਾ ਤਮਗਾ ਅਤੇ ਯੂਨੀਫਾਈਡ ਫੁਟਬਾਲ ਵਿੱਚ ਜੋਤੀ ਕੌਰ ਨੇ ਕਾਂਸੀ ਦਾ ਤਮਗਾ ਜਿੱਤਿਆ। ਭਾਰਤ ਦੇ ਖੇਡ ਦਲ ਵਿੱਚ ਪੰਜਾਬ ਦੇ 9 ਮੈਂਬਰ ਸ਼ਾਮਲ ਸਨ ਜਿਨ੍ਹਾਂ ਵਿੱਚ 7 ਸਪੈਸ਼ਲ ਖਿਡਾਰੀ, ਇਕ ਯੂਨੀਫਾਈਡ ਪਾਰਟਨਰ ਤੇ ਇਕ ਕੋਚ ਸ਼ਾਮਲ ਸੀ। ਇਸ ਤੋਂ ਇਲਾਵਾ ਹਿੱਸਾ ਲੈਣ ਵਾਲਿਆਂ ਵਿੱਚ ਪੰਜਾਬ ਦੇ ਦੋ ਖਿਡਾਰੀ ਨਵਪ੍ਰੀਤ ਸਿੰਘ ਤੇ ਅੰਜਨਾ ਸਨ।

ਜੋਗਿੰਦਰ ਸਿੰਘ ਮਾਨ ਨੇ ਵਾਰਡ 28 ਦੇ ਵਸਨੀਕਾਂ ਦੀਆਂ ਸੁਣੀਆਂ ਮੁਸ਼ਕਲਾਂ

ਫਗਵਾੜਾ (ਨਵਾਂ ਜ਼ਮਾਨਾ ਸਰਵਿਸ) ਮੇਰਾ ਸ਼ਹਿਰ ਮੇਰਾ ਮਾਣ ਮੁਹਿੰਮ ਤਹਿਤ ਨਗਰ ਨਿਗਮ ਫਗਵਾੜਾ ਦੇ ਸਹਿਯੋਗ ਨਾਲ ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਵਿਭਾਗੀ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਵਾਰਡ ਨੰਬਰ 28 ਦੇ ਵਸਨੀਕਾਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਤੋਂ ਪਹਿਲਾਂ ਮਾਨ ਸਮੇਤ ਹੋਰ ਪਤਵੰਤਿਆਂ ਦਾ ਵਾਰਡ ਵਾਸੀਆਂ ਵਲੋਂ ਬਲਬੀਰ ਠਾਕੁਰ ਅਤੇ ਉਨ੍ਹਾਂ ਦੀ ਪਤਨੀ ਪਰਵੀਨ ਠਾਕੁਰ ਦੀ ਅਗਵਾਈ ਹੇਠ ਸਵਾਗਤ ਕੀਤਾ ਗਿਆ। ਮੁਹੱਲਾ ਨਿਵਾਸੀਆਂ ਨੇ ਵਿਕਾਸ ਸਬੰਧੀ ਕਈ ਸਮੱਸਿਆਵਾਂ ਨਿਗਮ ਅਧਿਕਾਰੀਆਂ ਦੇ ਸਾਹਮਣੇ ਰੱਖੀਆਂ ਜਿਹਨਾਂ ਨੂੰ ਜੋਗਿੰਦਰ ਸਿੰਘ ਮਾਨ ਨੇ ਜਲਦੀ ਹੀ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਸੀ.ਐਮ. ਭਗਵੰਤ ਮਾਨ ਦੀ ਅਗਵਾਈ ਵਿੱਚ 'ਆਪ' ਸਰਕਾਰ ਵੱਲੋਂ ਸ਼ਹਿਰ ਦਾ ਸਰਬਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ। ਨਗਰ ਨਿਗਮ ਫਗਵਾੜਾ ਦੇ ਕਈ ਪ੍ਰੋਜੈਕਟ ਜਲਦੀ ਹੀ ਸ਼ੁਰੂ ਹੋਣ ਜਾ ਰਹੇ ਹਨ ਅਤੇ ਕਈ ਵਿਕਾਸ ਨਾਲ ਸਬੰਧਤ ਪਹਿਲਾਂ ਹੀ ਚੱਲ ਰਹੇ ਹਨ ਜੋ ਜਲਦੀ ਹੀ ਮੁਕੰਮਲ ਹੋ ਜਾਣਗੇ।

ਡੀ ਸੀ ਵੱਲੋਂ ਮੌਨਸੂਨ ਦੌਰਾਨ ਹੜ੍ਹਾਂ ਵਰਗੀ ਸਥਿਤੀ ਨਾਲ ਨਜਿੱਠਣ ਲਈ ਅਗਾਊਂ ਯੋਜਨਾ ਦੀ ਸਮੀਖਿਆ

ਜਲੰਧਰ (ਸ਼ੈਲੀ ਐਲਬਰਟ) ਡਿਪਟੀ ਕਮਿਸ਼ਨਰ ਵਿਸੇਸ ਸਾਰੰਗਲ ਨੇ ਬੁੱਧਵਾਰ ਨੂੰ ਜ਼ਿਲ੍ਹੇ ਵਿੱਚ ਹੜ੍ਹਾਂ ਵਰਗੀ ਸਥਿਤੀ ਪੈਦਾ ਹੋਣ ਦੀ ਸੰਭਾਵਨਾ ਦੇ ਮੱਦੇਨਜਰ ਹੜ੍ਹ ਕੰਟਰੋਲ ਪ੍ਰਬੰਧਾਂ ਦਾ ਜਾਇਜਾ ਲਿਆ ਅਤੇ ਸਮੂਹ ਵਿਭਾਗਾਂ ਵੱਲੋਂ ਤਿਆਰ ਕੀਤੀ ਗਈ ਅਗਾਊਂ ਯੋਜਨਾ ਦੀ ਸਮੀਖਿਆ ਕੀਤੀ। ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਮੂਹ ਵਿਭਾਗਾਂ ਦੀ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਹੜ੍ਹਾਂ ਦੀ ਰੋਕਥਾਮ ਲਈ ਸਾਰੇ ਪ੍ਰਬੰਧਾਂ ਨੂੰ ਮੁਕੰਮਲ ਕਰਨ ਲਈ ਵਿਸਥਾਰਤ ਕਾਰਜਪ੍ਰਣਾਲੀ ਬਣਾਉਣ ਦੀ ਲੋੜ 'ਤੇ ਜੋਰ ਦਿੱਤਾ। ਉਨ੍ਹਾਂ ਕਿਹਾ ਕਿ ਬਰਸਾਤ ਕਾਰਨ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਾਅ ਲਈ 24 ਘੰਟੇ ਨਿਗਰਾਨੀ ਰੱਖਣਾ ਜਰੂਰੀ ਹੈ। ਸ਼੍ਰੀ ਸਾਰੰਗਲ ਨੇ ਅਧਿਕਾਰੀਆਂ ਨੂੰ ਜਲ ਭੰਡਾਰ ਵਿੱਚੋਂ ਵੱਧ ਪਾਣੀ ਛੱਡੇ ਜਾਣ ਦੀ ਸੰਭਾਵਨਾ ਦੇ ਮੱਦੇਨਜ਼ਰ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ ਹੜ੍ਹ ਸੰਭਾਵਿਤ ਸੰਵੇਦਨਸ਼ੀਲ ਥਾਵਾਂ ਨੂੰ ਮਜਬੂਤ ਕਰਨ ਦੇ ਵੀ ਨਿਰਦੇਸ਼ ਦਿੱਤੇ। ਡਿਪਟੀ ਕਮਿਸਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਰਸਾਤ ਦੇ ਸੀਜ਼ਨ ਦੇ ਮੱਦੇਨਜਰ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪਹਿਲਾਂ ਹੀ ਪੁਖਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਹਰੇਕ ਵਿਭਾਗ ਵੱਲੋਂ ਅਗਾਊਂ ਯੋਜਨਾ ਤਿਆਰ ਕੀਤੀ ਗਈ ਹੈ, ਜੋ ਕਿ ਕਿਸੇ ਵੀ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾਂ ਅੱਗੇ ਕਿਹਾ ਕਿ ਹੜ੍ਹਾਂ ਦੀ ਸਥਿਤੀ ਵਿੱਚ ਨਿਕਾਸੀ ਯੋਜਨਾ ਨੂੰ ਪਹਿਲਾਂ ਹੀ ਅੰਤਿਮ ਰੂਪ ਦਿੱਤਾ ਜਾ ਚੁੱਕਾ ਹੈ ਅਤੇ ਸੰਵੇਦਨਸ਼ੀਲ ਸਥਾਨਾਂ ਦੇ ਨਾਲ-ਨਾਲ ਸੁਰੱਖਿਅਤ ਥਾਵਾਂ ਦੀ ਵੀ ਪਛਾਣ ਕੀਤੀ ਜਾ ਚੁੱਕੀ ਹੈ, ਜਿਥੇ ਲੋੜ ਪੈਣ 'ਤੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਵਸਨੀਕਾਂ ਨੂੰ ਤਬਦੀਲ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਨ੍ਹਾਂ ਵੱਲੋਂ ਤਹਿਸੀਲ ਪੱਧਰ 'ਤੇ ਹੜ੍ਹ ਕੰਟਰੋਲ ਰੂਮ ਸਥਾਪਤ ਕਰਨ ਲਈ ਪਹਿਲਾਂ ਹੀ ਨਿਰਦੇਸ ਜਾਰੀ ਕੀਤੇ ਜਾ ਚੁੱਕੇ ਹਨ ਤਾਂ ਜੋ ਹੜ੍ਹਾਂ ਵਰਗੀ ਸਥਿਤੀ ਨਾਲ ਨਜਿੱਠਣ ਲਈ ਪੂਰੇ ਤਾਲਮੇਲ ਨਾਲ ਯਤਨ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਹੜ੍ਹਾਂ ਦੀ 24 ਘੰਟੇ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਪੱਧਰ 'ਤੇ ਹੜ੍ਹ ਕੰਟਰੋਲ ਰੂਮ 01812224417 ਪਹਿਲਾਂ ਹੀ ਸਥਾਪਤ ਕੀਤਾ ਜਾ ਚੁੱਕਾ ਹੈ।

ਦੁਕਾਨਦਾਰਾਂ ਨੇ ਮੁੱਖ ਬਜ਼ਾਰ 'ਚ ਠੰਢੇ- ਮਿੱਠੇ ਜਲ ਦੀ ਛਬੀਲ ਲਗਾਈ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)- ਮਾਹਿਲਪੁਰ ਦੇ ਮੁੱਖ ਬਾਜਾਰ ਵਿੱਚ ਸਮੂੰਹ ਦੁਕਾਨਦਾਰਾਂ ਨੇ ਮਿਲ ਕੇ ਠੰਢੇ ਮਿੱਠੇ ਜਲ ਦੀ ਛਬੀਲ ਅਤੇ ਛੋਲਿਆਂ ਦੇ ਪ੍ਰਸਾਦਿ ਦਾ ਲੰਗਰ ਲਗਾਇਆ। ਇਹ ਛਬੀਲ ਸਵੇਰੇ ਸ਼ੁਰੂ ਹੋ ਕੇ ਦੇਰ ਸ਼ਾਮ ਤੱਕ ਚੱਲੀ। ਸੇਵਾਦਾਰਾਂ ਨੇ ਰਾਹਗੀਰਾਂ ਨੂੰ ਰੋਕ ਰੋਕ ਕੇ ਜਲ ਛਕਾਇਆ ਅਤੇ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਐਸ.ਐਚ.ਓ. ਬਲਜਿੰਦਰ ਸਿੰਘ ਮੱਲ੍ਹੀ, ਡਾ. ਦਿਲਬਾਗ ਰਾਏ ਸੀਨੀਅਰ ਭਾਜਪਾ ਆਗੂ, ਉੱਘੇ ਸਮਾਜ ਸੇਵਕ ਅਤੇ ਦੈਨਿਕ ਜਾਗਰਣ ਦੇ ਪੱਤਰਕਾਰ ਚੰਚਲ ਵਰਮਾ, ਭੁਪਿੰਦਰ ਸਿੰਘ ਰਿਪੀ, ਰਮੇਸ਼ ਕੁਮਾਰ ਕਾਕਾ, ਵਿਨੋਦ ਬੋਧੀ, ਡੀਵੀ ਵਰਮਾ, ਦੀਪਕ ਓਹਰੀ, ਵਿਜੇ ਕੁਮਾਰ, ਟਿੰਕੂ ਮਾਨ, ਅਵਤਾਰ ਸਿੰਘ, ਲਵਲੀ ਚਾਵਲਾ, ਸੀਨੀਅਰ ਪੱਤਰਕਾਰ ਸੁਖਵਿੰਦਰ ਸਫਰੀ ਨਵਾਂ ਜਮਾਨਾ, ਤਰੁਣ ਸਿੱਕਾ, ਅਮਰ ਸ਼ਰਮਾ, ਰੇਸ਼ਮ ਸਿੰਘ, ਲੱਕੀ ਹਲਵਾਈ, ਤਰਲੋਚਨ ਬੇਦੀ, ਕੁਨਾਲ ਵਰਮਾ, ਅਮਨਦੀਪ ਬੈਂਸ, ਰੋਹਿਤ,ਅਰਵਿੰਦ ਕੁਮਾਰ, ਗੁਰਜੀਤ ਸਿੰਘ, ਅੰਕੁਸ਼ ਕਰੀਰ, ਗੁਰਕੀਰਤ ਸਿੰਘ ਇੰਗਲੈਂਡ, ਗਗਨਦੀਪ ਸਿੰਘ ਕਨੇਡਾ, ਰੋਹਿਤ, ਰਾਹੁਲ, ਤੇਜਵੀਰ, ਦਿਲਪ੍ਰੀਤ ਸਿੰਘ, ਸੋਹਣ ਸਿੰਘ, ਧਨੀ ਲੰਗੇਰੀ ਆਦਿ ਹਾਜਰ ਸਨ।

ਕੰਧਾਲਾ ਜੱਟਾਂ ਵਿਖੇ ਸੰਤ ਬਾਬਾ ਨਰਾਇਣ ਦਾਸ ਦੀ ਯਾਦ 'ਚ ਧਾਰਮਕ ਸਮਾਗਮ

ਅੱਡਾ ਸਰਾਂ (ਕਾਜਲ)- ਪਿੰਡ ਕੰਧਾਲਾ ਜੱਟਾਂ ਵਿਖੇ ਬਾਬਾ ਨਰਾਇਣ ਦਾਸ ਜੀ ਦੀ ਯਾਦ ਵਿਚ ਸਾਲਾਨਾ ਧਾਰਮਿਕ ਸਮਾਗਮ ਕਰਵਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਪਾਏ ਗਏ, ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਵਿਚ ਕੀਰਤਨ ਦਰਬਾਰ ਸਜਾਇਆ ਗਿਆ। ਇਸ ਮੌਕੇ ਓਂਕਾਰ ਜੱਸੀ ਡੇਰਾ ਸੱਚਖੰਡ ਬੱਲਾਂ, ਜਸਪ੍ਰੀਤ ਕੌਰ ਅਤੇ ਬੀਬੀ ਮਨਪ੍ਰੀਤ ਕੌਰ,ਭਾਈ ਜਸਮੀਤ ਸਿੰਘ ਖਰਲ ਖੁਰਦ, ਭਾਈ ਜੋਗਿੰਦਰ ਸਿੰਘ,ਐੱਚ.ਐੱਸ. ਬਾਵਾ ਬੇਗਮਪੁਰੀ, ਸਤਪਾਲ ਭੱਟੀ ਕਾਲਰਾ ਅਤੇ ਹੋਰ ਜਥਿਆਂ ਨੇ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ । ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸਰਪੰਚ ਜੋਗਿੰਦਰ ਸਿੰਘ ਹੀਰ ਨੇ ਬਾਬਾ ਨਰਾਇਣ ਦਾਸ ਜੀ ਦੇ ਜੀਵਨ ਫਲਸਫੇ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਬਲਾਕ ਸੰਮਤੀ ਮੈਂਬਰ ਰਾਜ ਕੁਮਾਰੀਮੰਗੂ ਰਾਮ ਫਰੀਦਪੁਰ, ਗੁਰਮੇਲ ਸਿੰਘ ਸੂਬੇਦਾਰ,ਪ੍ਰਿੰਸੀਪਲ ਡਾ. ਅਰਮਨਪ੍ਰੀਤ ਸਿੰਘ, ਲਾਡੀ, ਚਮਨਪ੍ਰੀਤ ਸਿੰਘ, ਜਸਵੀਰ ਸਿੰਘ ਲੱਕੀ ,ਕੁਲਵੰਤ ਸਿੰਘ ਕ੍ਰਾਂਤੀ ,ਮਨਦੀਪ ਸਿੰਘ ,ਅਮਰਜੀਤ ਸਿੰਘ ਹੀਰ, ਪਵਿੱਤਰ ਸਿੰਘ, ਪ੍ਰੀਤ, ਹਰਪ੍ਰੀਤ ਸਿੰਘ,ਸੋਨੂ, ਸੁੱਖੀ,ਹਰਨੇਕ ਸਿੰਘ ਰੋਹਨ,ਸੁੱਖਾ,ਬਲਵੰਤ ਸਿੰਘ,ਮਨਿੰਦਰ ਸਿੰਘ ,ਜਸਕਰਨ , ਰਾਜਾ,ਗੁਰਪ੍ਰੀਤ ਸਿੰਘ ਆਦਿ ਨੇ ਹਾਜ਼ਰੀ ਲੁਆਈ।

ਸਰਕਾਰੀ ਸਿਹਤ ਕੇਂਦਰ ਭੁੱਲਾਰਾਈ ਵਿਖੇ ਮਨਾਇਆ ਮਮਤਾ ਦਿਵਸ

ਫਗਵਾੜਾ (ਰਮਨ ਸ਼ਰਮਾ) ਸੀ.ਐਚ.ਸੀ.ਪਾਂਛਟਾ ਦੇ ਸੀਨੀਅਰ ਮੈਡੀਕਲ ਅਫਸਰ ਡਾ. ਰੁਪਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਐਚ.ਡਬਲਯੂ.ਸੀ ਭੁੱਲਾਰਾਈ ਵਿਖੇ ਮਮਤਾ ਦਿਵਸ ਸੈਂਟਰ ਹੈੱਡ ਡਾ.ਹਰਵਿੰਦਰ ਕੌਰ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਕਰੀਬ 50 ਬੱਚਿਆਂ ਦੇ ਵੱਖ-ਵੱਖ ਬਿਮਾਰੀਆਂ ਤੋਂ ਬਚਾਅ ਸਬੰਧੀ ਟੀਕੇ ਲਗਾਏ ਗਏ। ਇਸ ਤੋਂ ਇਲਾਵਾ ਮਹਿਲਾਵਾਂ ਦੇ ਸ਼ੂਗਰ,ਬਲੱਡ ਪਰੈਸ਼ਰ ਅਤੇ ਹੋਰ ਕਈ ਤਰ੍ਹਾਂ ਦੇ ਫਰੀ ਟੈਸਟ ਕੀਤੇ ਗਏ। ਲੋੜਵੰਦਾਂ ਨੂੰ ਦਵਾਈਆਂ ਦੀ ਵੰਡ ਕਰਦੇ ਹੋਏ ਮੌਸਮੀ ਬਿਮਾਰੀਆਂ ਤੋਂ ਸੁਰੱਖਿਅਤ ਰਹਿਣ ਲਈ ਜਰੂਰੀ ਹਦਾਇਤਾਂ ਵੀ ਕੀਤੀਆਂ। ਡਾਕਟਰਾਂ ਨੇ ਗਰਭਵਤੀ ਮਾਵਾਂ ਨੂੰ ਜੱਚਾ-ਬੱਚਾ ਦੀ ਪੌਸ਼ਟਿਕ ਖੁਰਾਕ ਬਾਰੇ ਦੱਸਿਆ ਅਤੇ ਸਮੇਂ-ਸਮੇਂ ਸਿਰ ਜਾਂਚ ਕਰਵਾਉਣ ਦੀ ਹਦਾਇਤ ਕੀਤੀ। ਇਸ ਮੌਕੇ ਐਲ.ਐਚ.ਵੀ.ਇੰਦਰਜੀਤ ਕੌਰ, ਏ.ਐਨ.ਐਮ.ਕੁਲਵਿੰਦਰ ਕੌਰ,ਆਸ਼ਾ ਵਰਕਰ ਨੀਨਾ ਰਾਣੀ, ਮਨਜੀਤ ਕੌਰ,ਹਰਵਿੰਦਰ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਬੱਚਿਆਂ ਦੀਆਂ ਮਾਵਾਂ ਹਾਜਰ ਸਨ।

ਲੋੜਵੰਦਾਂ ਦੇ ਕੱਟੇ ਰਾਸ਼ਨ ਕਾਰਡ ਬਹਾਲ ਕੀਤੇ ਜਾਣ-ਨਾਥ

ਫਿਲੌਰ : (ਨਿਰਮਲ) ਪੰਡਿਤ ਰਮੇਸ਼ਵਰ ਨਾਥ ਸਰਪੰਚ ਗ੍ਰਾਮ ਪੰਚਾਇਤ ਕੰਗ ਜਗੀਰ ਫਿਲੌਰ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਕਿ ਮੋਰੋ ਪਿੰਡ ਦੇ 30 ਦੇ ਕਰੀਬ ਗਰੀਬ ਪਰਵਾਰਾਂ ਦੇ ਨੀਲੇ ਕਾਰਡ ਕੱਟ ਦਿੱਤੇ ਹਨ ਜੋ ਕਿ ਸਰਾਸਰ ਬੇਇਨਸਾਫੀ ਹੈ । ਕੱਟੇ ਹੋਏ ਰਾਸ਼ਨ ਕਾਰਡ ਬਹਾਲ ਕੀਤੇ ਜਾਣ।

ਪੰਜ ਰੋਜ਼ਾ ਮੱਛੀ ਪਾਲਣ ਟ੍ਰੇਨਿੰਗ ਕੈਂਪ 3 ਤੋਂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸਹਾਇਕ ਡਾਇਰੈਕਟਰ ਮੱਛੀ ਪਾਲਣ ਹੁਸ਼ਿਆਰਪੁਰ ਰਾਜੀਵ ਕੁਮਾਰ ਨੇ ਦੱਸਿਆ ਕਿ ਵਿਭਾਗ ਵਲੋਂ ਪੰਜ ਰੋਜ਼ਾ ਮੱਛੀ ਪਾਲਣ ਟ੍ਰੇਨਿੰਗ ਕੈਂਪ ਮੱਛੀ ਪੂੰਗ ਫਾਰਮ, ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 3 ਜੁਲਾਈ ਤੋਂ 7 ਜੁਲਾਈ 2023 ਤੱਕ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਚਾਹਵਾਨ ਉਨ੍ਹਾਂ ਦੇ ਮੋਬਾਇਲ ਨੰਬਰ 97799-00655 ਅਤੇ ਦਫ਼ਤਰ ਦੇ ਟੈਲੀਫੋਨ ਨੰਬਰ 01882-2272-85 'ਤੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਟ੍ਰੇਨਿੰਗ ਕੈਂਪ ਦੌਰਾਨ ਮੱਛੀ ਪਾਲਣ ਧੰਦੇ ਦੀ ਮੁੱਢਲੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

ਆਈ ਕੇ ਜੀ ਪੀ ਟੀ ਯੂ ਦੀ ਵਿਦਿਆਰਥਣ ਦੀ ਪੀ ਸੀ ਆਈ ਵਿਖੇ ਇੰਟਰਨਸ਼ਿਪ ਲਈ ਚੋਣ

ਜਲੰਧਰ (ਸ਼ੈਲੀ ਐਲਬਰਟ) -ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ ਕੇ ਜੀ ਪੀ ਟੀ ਯੂ) ਦੇ ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ ਦੀ ਮਾਸਟਰ ਡਿਗਰੀ ਪ੍ਰੋਗਰਾਮ ਦੀ ਵਿਦਿਆਰਥਣ ਲਵੀਨਾ ਸ਼ਰਮਾ ਨੂੰ ਪ੍ਰੈਸ ਕੌਂਸਲ ਆਫ ਇੰਡੀਆ (ਪੀ ਸੀ ਆਈ) ਵੱਲੋਂ ਸਮਰ ਇੰਟਰਨਸ਼ਿਪ ਪ੍ਰੋਗਰਾਮ 2023 ਲਈ ਚੁਣਿਆ ਗਿਆ ਹੈ। ਦਿੱਲੀ 'ਚ ਸਥਿਤ ਪੀ ਸੀ ਆਈ ਦੇ ਹੈੱਡਕੁਆਰਟਰ ਵਿਖੇ ਸਮਰ ਇੰਟਰਨਸ਼ਿਪ ਪ੍ਰੋਗਰਾਮ ਲਈ ਪੂਰੇ ਭਾਰਤ 'ਚੋਂ ਸਿਰਫ ਪੰਦਰਾਂ ਉਮੀਦਵਾਰ ਚੁਣੇ ਗਏ ਹਨ।

ਵਿਦਿਆਰਥਣ ਲਵੀਨਾ ਸ਼ਰਮਾ ਦੀ ਸਮਰ ਇੰਟਰਨਸ਼ਿਪ ਇਸ ਸਾਲ 3 ਜੁਲਾਈ ਤੋਂ ਸ਼ੁਰੂ ਹੋ ਰਹੀ ਹੈ। ਲਵੀਨਾ ਸ਼ਰਮਾ ਪੰਜਾਬ ਦੀ ਇਕਲੌਤੀ ਵਿਦਿਆਰਥਣ ਹੈ, ਜੋ ਪੀ ਸੀ ਆਈ ਵਿਖੇ ਇਸ ਇੰਟਰਨਸ਼ਿਪ ਪ੍ਰੋਗਰਾਮ ਲਈ ਚੁਣੀ ਗਈ ਹੈ। ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਸ਼ੁਸ਼ੀਲ ਮਿੱਤਲ ਵੱਲੋਂ ਇਸ ਵਿਦਿਆਰਥਣ ਨੂੰ ਇਸ ਚੋ

30-Jun-PAGE- 9.qxd 6/29/2023 10:25 PM Page 1

ਮਜ਼ਦੂਰਾਂ ਨੂੰ ਉਜਾੜਨ ਦੀ ਕਿਸੇ ਵੀ ਕੀਮਤ 'ਤੇ ਆਗਿਆ ਨਹੀਂ ਦਿੱਤੀ ਜਾਵੇਗੀ : ਘੁੱਗਸ਼ੋਰ

ਕਰਤਾਰਪੁਰ-(ਹਰਮੇਸ਼ ਦੱਤ) ਪੰਜਾਬ ਸਰਕਾਰ ਦੀ ਮੰਤਰੀਆਂ ਦੀ ਸਬ ਕਮੇਟੀ ਵਲੋਂ ਕੈਬਨਿਟ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਕੁਲਦੀਪ ਸਿੰਘ ਧਾਲੀਵਾਲ ਅਤੇ ਅਮਨ ਅਰੋੜਾ ਵਲੋਂ ਪੇਂਡੂ ਅਤੇ ਖੇਤ ਮਜਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂਆਂ ਨਾਲ ਕੀਤੀਆਂ ਗਈਆਂ ਮੀਟਿੰਗਾਂ ਵਿੱਚ ਇਹ ਮੰਗ ਮੰਨੀ ਗਈ ਸੀ ਕਿ ਜਿੱਥੇ ਗ੍ਰਾਮ ਸਭਾ ਦੇ ਅਜਲਾਸ ਕਰਕੇ ਲੋੜਵੰਦ ਪਰਵਾਰਾਂ ਨੂੰ ਰਿਹਾਇਸ਼ੀ ਪਲਾਟ ਦੇਣ ਦੇ ਮਤੇ ਪਾਸ ਕੀਤੇ ਗਏ ਹਨ, ਉਹਨਾਂ ਪਿੰਡਾਂ ਵਿੱਚ ਪਲਾਟ ਅਲਾਟ ਕਰ ਦਿੱਤੇ ਜਾਣਗੇ ਅਤੇ ਪੰਚਾਇਤੀ ਤੇ ਸਾਂਝੀਆਂ ਥਾਵਾਂ ਉੱਪਰ ਘਰ ਬਣਾ ਕੇ ਬੈਠੇ ਮਜਦੂਰਾਂ ਨੂੰ ਉਜਾੜਿਆਂ ਨਹੀਂ ਜਾਵੇਗਾ ਮਾਲਕੀ ਦੇ ਹੱਕ ਦਿੱਤੇ ਜਾਣਗੇ। ਮੰਤਰੀਆਂ ਦੀ ਸਬ ਕਮੇਟੀ ਦੇ ਫੈਸਲੇ ਨੂੰ ਪੰਚਾਇਤ ਵਿਭਾਗ ਦੀ ਅਫਸਰਸ਼ਾਹੀ ਟਿੱਚ ਜਾਣਦੀ ਹੈ। ਅਫਸਰਸ਼ਾਹੀ ਪਿੰਡਾਂ ਦੇ ਧਨਾਢਾਂ ਨਾਲ ਮਿਲੀਭੁਗਤ ਕਰਕੇ ਵੱਸਦੇ ਮਜਦੂਰਾਂ ਨੂੰ ਉਜਾੜਨ ਦੀਆਂ ਕੋਝੀਆਂ ਸਾਜਿਸ਼ਾਂ ਰਚ ਰਿਹਾ ਹੈ ਅਤੇ ਲੋੜਵੰਦ ਪਰਵਾਰਾਂ ਨੂੰ ਮਤੇ ਪਾਸ ਹੋਣ ਦੇ ਬਾਵਜੂਦ ਪਲਾਟ ਅਲਾਟ ਕਰਨ ਲਈ ਤਿਆਰ ਨਹੀਂ। ਪਿੰਡ ਦਿਆਲਪੁਰ ਬਲਾਕ ਜਲੰਧਰ ਪੱਛਮੀ ਵਿਧਾਨ ਸਭਾ ਹਲਕਾ ਕਰਤਾਰਪੁਰ ਵਿਖੇ ਹੋਰਨਾਂ ਪਿੰਡਾਂ ਵਾਂਗ ਕਈ ਵਾਰ ਗ੍ਰਾਮ ਸਭਾ ਅਜਲਾਸਾਂ ਵਿੱਚ ਪਾਸ ਮਤਿਆਂ ਉੱਪਰ ਕਾਰਵਾਈ ਕਰਕੇ ਪ੍ਰਸ਼ਾਸਨ ਵਲੋਂ ਅਲਾਟਮੈਂਟ ਨਾ ਕਰਨ ਤੋਂ ਅੱਕੇ ਦਲਿਤ ਮਜਦੂਰਾਂ ਵਲੋਂ ਪੰਚਾਇਤੀ ਜਮੀਨ ਵਿੱਚ ਡੇਰਾ ਜਮਾਉਣ ਉਪਰੰਤ ਪੱਕੀ ਉਸਾਰੀ ਕਰ ਲਈ ਗਈ। ਮਜਦੂਰਾਂ ਨੂੰ ਉਜਾੜਨ ਲਈ ਝਾੜੂ ਪਾਰਟੀ ਅਕਾਲੀ,ਕਾਂਗਰਸ ਪਾਰਟੀ ਗੱਠਜੋੜ ਬਣਾ ਕੇ ਪੱਬਾਂ ਭਾਰ ਹੋਏ ਫਿਰਦੇ ਹਨ। ਅੱਜ ਇੱਕ ਵਾਰ ਫਿਰ ਧੱਕੇ ਨਾਲ ਉਜਾੜਨ ਦੇ ਕੀਤੇ ਗਏ ਐਲਾਨ ਦੇ ਤਿੱਖੇ ਵਿਰੋਧ ਵਿੱਚ ਪਲਾਟਾਂ ਵਾਲੀ ਜਮੀਨ ਵਿੱਚ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਝੰਡਿਆਂ 'ਚ ਡੰਡੇ ਪਾ ਕੇ ਪੇਂਡੂ ਮਜਦੂਰ ਡਟੇ ਰਹੇ। ਮਜਦੂਰਾਂ ਦੇ ਤਿੱਖੇ ਵਿਰੋਧ ਕਾਰਨ ਉਜਾੜਨ ਲਈ ਅਜੇ ਤੱਕ ਕਿਸੇ ਵੀ ਅਧਿਕਾਰੀ ਜਾਂ ਪੇਂਡੂ ਧਨਾਢ ਦੀ ਹਿੰਮਤ ਨਹੀਂ ਪਈ।

ਯੂਨੀਅਨ ਆਗੂਆਂ ਕਸ਼ਮੀਰ ਸਿੰਘ ਘੁੱਗਸ਼ੋਰ, ਗੁਰਪ੍ਰੀਤ ਸਿੰਘ ਚੀਦਾ ਅਤੇ ਬਲਵਿੰਦਰ ਕੌਰ ਦਿਆਲਪੁਰ ਨੇ ਐਲਾਨ ਕੀਤਾ ਕਿ ਮਜਦੂਰਾਂ ਨੂੰ ਉਜਾੜਨ ਦੀ ਕਿਸੇ ਵੀ ਕੀਮਤ ਉੱਤੇ ਆਗਿਆ ਨਹੀਂ ਦਿੱਤੀ ਜਾਵੇਗੀ। ਮਜਦੂਰਾਂ ਨੂੰ ਪਲਾਟ, ਲੈਂਡ ਸੀਲਿੰਗ ਐਕਟ ਤੋਂ ਵਾਧੂ ਜਮੀਨਾਂ ਬੇਜਮੀਨੇ ਮਜਦੂਰਾਂ ਕਿਸਾਨਾਂ ਨੂੰ ਵੰਡਣ,ਲਾਲ ਲਕੀਰ ਦੇ ਮਾਲਕੀ ਹੱਕ ਦੇਣ,ਹਰ ਖੇਤਰ ਵਿੱਚ ਦਿਹਾੜੀ 1000 ਰੁਪਏ ਕਰਨ , ਕਰਜਾ ਮੁਆਫੀ ਤੇ ਬਦਲਵੇਂ ਕਰਜੇ ਦੀ ਵਿਵਸਥਾ ਕਰਨ ਅਤੇ ਜਾਤੀ ਵਿਤਕਰੇ ਦੇ ਖਾਤਮੇ ਲਈ ਸੰਘਰਸ਼ ਜਾਰੀ ਰਹੇਗਾ।

ਪ੍ਰਵਾਸੀ ਭਾਰਤੀ ਖੁਸ਼ਵਿੰਦਰ ਬਿੱਲਾ ਦਾ ਸਮਤਾ ਸੈਨਿਕ ਦਲ ਨੇ ਕੀਤਾ ਸਨਮਾਨ

ਜਲੰਧਰ (ਰਾਜੇਸ਼ ਥਾਪਾ): ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਇਕਾਈ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਪ੍ਰਵਾਸੀ ਭਾਰਤੀ ਖੁਸ਼ਵਿੰਦਰ ਬਿੱਲਾ ਵੁਲਵਰਹੈਂਪਟਨ (ਯੂ.ਕੇ). ਦੇ ਪੱਕੇ ਵਸਨੀਕ ਹਨ। ਉਹ ਇੱਕ ਮਿਸ਼ਨਰੀ ਕਾਰਕੁਨ ਹਨ ਅਤੇ ਕਈ ਸਮਾਜਿਕ, ਅੰਬੇਡਕਰੀ ਅਤੇ ਬੋਧੀ ਸੰਗਠਨਾਂ ਨਾਲ ਜੁੜੇ ਹੋਏ ਹਨ। ਉਹ ਯੂਕੇ ਦੇ ਪ੍ਰਸਿੱਧ ਸੰਗਠਨ 'ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਆਫ ਗ੍ਰੇਟ ਬ੍ਰਿਟੇਨ' ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। ਬਿੱਲਾ ਇੱਕ ਮਿਸ਼ਨਰੀ ਲੇਖਕ ਵੀ ਹਨ ਅਤੇ ਉਨ੍ਹਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ, ਸ੍ਰੀ ਗੁਰੂ ਨਾਨਕ ਦੇਵ ਜੀ, ਅੰਬੇਡਕਰਵਾਦ ਅਤੇ ਬੁੱਧ ਧਰਮ 'ਤੇ ਸੈਂਕੜੇ ਮਿਸ਼ਨਰੀ ਗੀਤ ਲਿਖੇ ਹਨ ਜੋ ਚੋਟੀ ਦੇ ਗਾਇਕਾਂ ਦੁਆਰਾ ਗਾਏ ਗਏ ਹਨ। ਬਿੱਲਾ ਦੇ ਇੱਥੇ ਆਉਣ 'ਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਬ੍ਰਾਂਚ ਦੇ ਮੈਂਬਰਾਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ। ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਵੱਲੋਂ ਪ੍ਰਕਾਸ਼ਿਤ ਸੋਵੀਨਾਰ-2023 ਦੀ ਕਾਪੀ ਵੀ ਉਨ੍ਹਾਂ ਨੂੰ ਭੇਟ ਕੀਤੀ ਗਈ। ਇਸ ਮੌਕੇ ਡਾ: ਚਰਨਜੀਤ ਸਿੰਘ ਐਸ.ਐਮ.ਓ. (ਸੇਵਾਮੁਕਤ), ਡੀ ਪੀ ਭਗਤ ਸਾਬਕਾ ਮੁੱਖ ਪ੍ਰਬੰਧਕ, ਬਲਦੇਵ ਭਾਰਦਵਾਜ, ਵਿਸ਼ਾਲ ਗੋਰਕਾ ਅਤੇ ਰਾਜੇਸ ਕੁਮਾਰ ਪ੍ਰੋ. ਆਰ ਕੇ ਸਟੀਲਜ ਆਦਿ ਹਾਜਰ ਸਨ।

ਦੇਸ਼ 'ਚ ਇੱਕ ਸਮਾਨ ਨਾਗਰਿਕ ਕੋਡ ਲਾਗੂ ਕਰਨ ਦਾ ਮਹਿਲਾ ਕਿਸਾਨ ਯੂਨੀਅਨ ਵੱਲੋਂ ਵਿਰੋਧ

ਜਲੰਧਰ, -(ਸ਼ੈਲੀ ਐਲਬਰਟ)- ਇੱਕ ਸਮਾਨ ਨਾਗਰਿਕ ਕੋਡ (ਯੂਨੀਫਾਰਮ ਸਿਵਲ ਕੋਡ) ਦੇ ਦੂਰਗਾਮੀ ਨੁਕਸਾਨਦੇਹ ਪ੍ਰਭਾਵਾਂ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੀ ਮੈਂਬਰ ਮਹਿਲਾ ਕਿਸਾਨ ਯੂਨੀਅਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਸ ਕਾਨੂੰਨ ਨੂੰ ਦੇਸ਼ ਅੰਦਰ ਜਲਦਬਾਜ਼ੀ ਵਿਚ ਲਾਗੂ ਕਰਨ ਦੀ ਸਖ਼ਤ ਨਿਖੇਧੀ ਕਰਦਿਆਂ ਮੰਗ ਕੀਤੀ ਹੈ ਕਿ ਇਸ ਫੈਸਲੇ 'ਤੇ ਮੁੜ ਵਿਚਾਰ ਕੀਤਾ ਜਾਵੇ ਤਾਂ ਜੋ ਇਸ ਨਾਲ ਭਾਰਤ ਦੇ ਵਿਭਿੰਨ ਸੱਭਿਆਚਾਰਕ ਤਾਣੇ-ਬਾਣੇ ਨੂੰ ਕੋਈ ਨੁਕਸਾਨ ਨਾ ਪਹੁੰਚੇ । ਇੱਕ ਬਿਆਨ ਵਿੱਚ, ਮਹਿਲਾ ਕਿਸਾਨ ਯੂਨੀਅਨ ਦੀ ਪ੍ਰਧਾਨ ਬੀਬਾ ਰਾਜਵਿੰਦਰ ਕੌਰ ਰਾਜੂ ਨੇ ਕਿਹਾ ਕਿ ਭਗਵਾ ਪਾਰਟੀ ਬੀਜੇਪੀ ਦਾ ਉਦੇਸ਼ ਸਾਰੇ ਭਾਈਚਾਰਿਆਂ ਅਤੇ ਧਰਮਾਂ ਦੇ ਵਿਆਹ, ਤਲਾਕ, ਵਿਰਾਸਤ ਅਤੇ ਗੋਦ ਲੈਣ ਸਮੇਤ ਨਿੱਜੀ ਕਾਨੂੰਨਾਂ ਤੇ ਮਾਮਲਿਆਂ ਨੂੰ ਕੰਟਰੋਲ ਕਰਨ ਲਈ ਇਕਸਾਰ ਕਾਨੂੰਨ ਸਥਾਪਤ ਕਰਨਾ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਵਿੱਚ ਦਰਜ ਸਮਾਨਤਾ ਦਾ ਸਿਧਾਂਤ ਸ਼ਲਾਘਾਯੋਗ ਹੈ ਪਰ ਅਫ਼ਸੋਸ ਹੈ ਕਿ ਇਸ ਕੋਡ ਨੂੰ ਲਾਗੂ ਕਰਨ ਲਈ ਸੱਜੇ-ਪੱਖੀ ਪਾਰਟੀ ਦੀ ਪਹੁੰਚ ਵਿੱਚ ਭਾਰਤ ਦੀ ਅਮੀਰ ਸੱਭਿਆਚਾਰਕ ਅਤੇ ਧਾਰਮਿਕ ਵਿਭਿੰਨਤਾ ਪ੍ਰਤੀ ਸੰਵੇਦਨਸ਼ੀਲਤਾ ਅਤੇ ਸਮਝਦਾਰੀ ਦੀ ਘਾਟ ਹੈ ।ਮਹਿਲਾ ਕਿਸਾਨ ਆਗੂ ਨੇ ਦੋਸ਼ ਲਾਇਆ ਕਿ ਭਾਜਪਾ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਜਿੱਤਣ ਲਈ ਅਜਿਹੇ ਸੰਵੇਦਨਸ਼ੀਲ ਮੁੱਦਿਆਂ ਨਾਲ ਦੇਸ਼ ਵਿੱਚ ਧਰੁਵੀਕਰਨ ਕਰਨ 'ਤੇ ਤੁਲੀ ਹੋਈ ਹੈ । ਉਨਾਂ ਸਪੱਸ਼ਟ ਤੌਰ ਤੇ ਕਿਹਾ ਕਿ ਸਮੂਹ ਵਰਗਾਂ ਨਾਲ ਸਹੀ ਸਲਾਹ-ਮਸ਼ਵਰੇ ਤੋਂ ਬਿਨਾਂ ਇਕਸਾਰ ਕੋਡ ਨੂੰ ਲਾਗੂ ਕਰਨਾ ਅਤੇ ਜਲਦਬਾਜ਼ੀ ਵਿਚ ਕੀਤਾ ਗਿਆ ਕਦਮ ਵੱਖ-ਵੱਖ ਭਾਈਚਾਰਿਆਂ, ਆਦਿਵਾਸੀਆਂ ਅਤੇ ਖਾਸ ਤੌਰ ਤੇ ਧਾਰਮਿਕ ਅਤੇ ਸੱਭਿਆਚਾਰਕ ਘੱਟ ਗਿਣਤੀਆਂ ਨਾਲ ਸਬੰਧਤ ਮੌਲਿਕ ਅਧਿਕਾਰਾਂ, ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ ਨੂੰ ਕਮਜ਼ੋਰ ਕਰੇਗਾ।ਇਸ ਕੋਡ ਲਈ ਭਾਜਪਾ ਨੂੰ ਹਮਾਇਤ ਦੇਣ ਬਾਰੇ ਮਹਿਲਾ ਕਿਸਾਨ ਯੂਨੀਅਨ ਨੇ ਆਮ ਆਦਮੀ ਪਾਰਟੀ (ਆਪ), ਇਸ ਦੇ ਨੇਤਾ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਭਾਜਪਾ ਦੇ ਏਜੰਡੇ ਦੇ ਸਾਰਥੀ ਬਣਕੇ ਇਨ੍ਹਾਂ ਸਿਆਸੀ ਨੇਤਾਵਾਂ ਨੇ ਉਨ੍ਹਾਂ ਵਰਗਾਂ ਦੇ ਹਿੱਤਾਂ ਨਾਲ ਧੋਖਾ ਕੀਤਾ ਹੈ ਜਿਨ੍ਹਾਂ ਦੀ ਉਹ ਨੁਮਾਇੰਦਗੀ ਕਰਨ ਦਾ ਦਾਅਵਾ ਕਰਦੇ ਹਨ। ਉਨਾਂ ਕਿਹਾ ਕਿ ਆਪ ਵੱਲੋਂ ਭਗਵਾਂ ਪਾਰਟੀ ਦਾ ਸਮਰਥਨ ਘੱਟ ਗਿਣਤੀ ਭਾਈਚਾਰਿਆਂ ਦੀਆਂ ਚਿੰਤਾਵਾਂ ਅਤੇ ਇੱਛਾਵਾਂ ਦੀ ਅਣਦੇਖੀ ਕਰਨਾ ਹੈ ਅਤੇ ਭਾਰਤ ਦੀ ਵਿਭਿੰਨ ਸੱਭਿਆਚਾਰਕ ਅਤੇ ਧਾਰਮਿਕ ਵਿਰਾਸਤ ਪ੍ਰਤੀ ਸਮਝ ਅਤੇ ਹਮਦਰਦੀ ਦੀ ਘਾਟ ਨੂੰ ਦਰਸਾਉਂਦਾ ਹੈ ।

ਸਾਂਝੇ ਸਿਵਲ ਕੋਡ ਲਈ ਨਾ ਢੁੱਕਵਾਂ ਮਹੌਲ ਹੈ ਤੇ ਨਾ ਹੀ ਇਸ ਦੀ ਜ਼ਰੂਰਤ : ਪਾਸਲਾ

ਜਲੰਧਰ (ਕੇਸਰ) ਕਾਮਰੇਡ ਮੰਗਤ ਰਾਮ ਪਾਸਲਾ, ਜਨਰਲ ਸਕੱਤਰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਵਿਚ 'ਸਾਂਝੇ ਸਿਵਿਲ ਕੋਡ' ਨੂੰ ਲਾਗੂ ਕਰਨ ਲਈ ਕੀਤੀ ਜਾ ਰਹੀ ਉਕਸਾਊ ਬਿਆਨਬਾਜ਼ੀ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਹੈ ਕਿ "ਜਦੋਂ ਬੇਰੁਜ਼ਗਾਰੀ, ਮਹਿੰਗਾਈ, ਭੁਖਮਰੀ, ਵਿਦਿਅਕ ਤੇ ਸਿਹਤ ਸਹੂਲਤਾਂ ਵਰਗੇ ਲੋਕ ਮਸਲਿਆਂ ਦੇ ਹੱਲ ਕਰਨ 'ਚ ਪੂਰਨ ਨਾਕਾਮਯਾਬੀ ਕਾਰਨ ਮੋਦੀ-ਸ਼ਾਹ ਦੀ ਸੱਤਾ ਨੂੰ ਜਨਤਕ ਰੋਹ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਉਹ ਇਸ ਤਰ੍ਹਾਂ ਦੇ ਬੇਲੋੜੇ ਮੁੱਦਿਆਂ ਨੂੰ ਛੇੜ ਕੇ ਲੋਕਾਂ ਦੇ ਧਿਆਨ ਨੂੰ ਕੁਰਾਹੇ ਪਾਉਣ ਦਾ ਕੰਮ ਸ਼ੁਰੂ ਕਰ ਦਿੰਦੇ ਹਨ। ਜਿਸ ਸੰਵਿਧਾਨ ਦੇ ਅਨੁਸ਼ੇਦ 44 ਦਾ ਹਵਾਲਾ ਦੇ ਕੇ 'ਸਾਂਝੇ ਸਿਵਿਲ ਕੋਡ' ਦੀ ਲੋੜ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਕੀ ਉਸੇ ਸੰਵਿਧਾਨ ਦੀ ਇਸੇ ਧਾਰਾ 'ਚ ਸਭ ਨੂੰ ਰੁਜ਼ਗਾਰ, ਵਿਦਿਆ ਤੇ ਸਿਹਤ ਸਹੂਲਤਾਂ ਦੀ ਗਾਰੰਟੀ, ਵਿਗਿਆਨਕ ਨਜ਼ਰੀਏ ਨੂੰ ਉਤਸ਼ਾਹਤ ਕਰਨ ਦੇ ਟੀਚੇ ਨੂੰ ਪੂਰਾ ਕਰ ਲਿਆ ਗਿਆ ਹੈ?

ਕੀ ਅੱਜ ਉਸੇ ਮੋਦੀ ਸਰਕਾਰ ਵਲੋਂ, ਜੋ ਮੁਸਲਮਾਨਾਂ ਲਈ ਆਜ਼ਾਦੀ ਤੇ ਬਰਾਬਰਤਾ ਵਾਸਤੇ ਸਾਂਝੇ ਸਿਵਿਲ ਕੋਡ ਦੀ ਦੁਹਾਈ ਦਿੱਤੀ ਜਾ ਰਹੀ ਹੈ, ਸੰਵਿਧਾਨ 'ਚ ਦਰਜ ਸਾਰੇ ਲੋਕਾਂ ਲਈ ਬਿਨ੍ਹਾਂ ਭਿੰਨ ਭੇਦ ਦੇ ਲਿਖਣ, ਬੋਲਣ, ਖਾਣ, ਧਰਮ ਨੂੰ ਅਪਣਾਉਣ ਜਾਂ ਤਬਦੀਲੀ ਕਰਨ, ਪਹਿਰਾਵੇ ਤੇ ਆਪਣੀ ਵੱਖਰੀ ਪਹਿਚਾਣ ਰੱਖਣ ਦੀ ਆਜ਼ਾਦੀ ਦੀਆਂ ਗਰੰਟੀਆਂ ਦਾ ਘਾਣ ਨਹੀਂ ਕੀਤਾ ਜਾ ਰਿਹਾ? ਸਾਂਝਾ ਸਿਵਿਲ ਕੋਡ ਲੋਕਾਂ ਨੂੰ ਇਨਸਾਫ਼ ਦੇ ਕੇ ਉਨ੍ਹਾਂ ਦੇ ਜੀਵਨ ਨੂੰ ਕਿਵੇਂ ਬਦਲ ਦੇਵੇਗਾ, ਜਿਸਦੀ ਦੁਹਾਈ ਪਾਈ ਜਾ ਰਹੀ ਹੈ?

ਸਾਥੀ ਪਾਸਲਾ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਅਸਲ 'ਚ ਇਹੋ ਜਿਹੇ ਮੁੱਦਿਆਂ ਰਾਹੀਂ ਮੋਦੀ-ਸ਼ਾਹ ਜੋੜੀ ਦੇਸ਼ ਅੰਦਰ ਫਿਰਕੂ ਵੰਡ ਸਿਰਜ ਕੇ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਦਾ ਮਹੌਲ ਬਣਾ ਰਹੀ ਹੈ। ਕੋਈ ਵੀ ਮੁੱਦਾ, ਭਾਵੇਂ ਉਹ ਸਾਰੇ ਹੀ ਧਰਮਾਂ, ਜਾਤੀਆਂ ਤੇ ਵਰਗਾਂ ਦੇ ਲੋਕਾਂ ਨਾਲ ਸੰਬੰਧਤ ਕਿਉਂ ਨਾ ਹੋਵੇ, ਸੰਘ ਅਨੁਆਈ ਤੇ ਮੋਦੀ ਜੀ ਉਸ ਨੂੰ ਮੁਸਲਮਾਨਾਂ ਤੇ ਹੋਰ ਘੱਟ ਗਿਣਤੀਆਂ ਵਿਰੁੱਧ ਨਫ਼ਰਤ ਪੈਦਾ ਕਰਨ ਦੇ ਹਥਿਆਰ ਵਜੋਂ ਇਸਤੇਮਾਲ ਕਰਦੇ ਹਨ। ਵੱਖ-ਵੱਖ ਧਰਮਾਂ, ਕੌਮੀਅਤਾਂ, ਬੋਲੀਆਂ, ਸਭਿਆਚਾਰਾਂ ਵਾਲੇ ਲੋਕਾਂ ਦੇ ਦੇਸ਼ ਅੰਦਰ ਕੋਈ ਵੀ ਨਵਾਂ ਕਾਨੂੰਨ ਬਣਾਉਣ ਲਈ ਪਹਿਲਾਂ ਸਾਰੀਆਂ ਹੀ ਸਬੰਧਤ ਧਿਰਾਂ ਨਾਲ ਗੰਭੀਰ ਚਰਚਾ ਕੀਤੇ ਜਾਣ ਦੀ ਲੋੜ ਹੈ, ਤਾਂ ਕਿ ਕੋਈ ਵੀ ਕਾਨੂੰਨ ਕਿਸੇ ਖਾਸ ਧਰਮ ਦੁਆਲੇ ਕੇਂਦਰਤ ਰਾਜਸੀ ਦਲਾਂ ਤੇ ਨਾ ਹੋ ਕੇ ਸਭ ਧਿਰਾਂ ਦੇ ਹਿਤਾਂ ਤੇ ਵਿਭਿੰਨਤਾਵਾਂ ਦੀ ਰਾਖੀ ਕਰਨ ਦੀ ਗਰੰਟੀ ਕਰਦਾ ਹੋਵੇ। 'ਸਾਂਝਾ ਸਿਵਿਲ ਕੋਡ' ਵੀ ਇਸੇ ਤਰ੍ਹਾਂ ਦਾ ਇੱਕ ਵਿਸ਼ਾ ਹੈ।

21ਵੇਂ 'ਵਿਧੀ ਆਯੋਗ' ਦੀ ਸਿਫਾਰਸ਼ ਅਨੁਸਾਰ ਅਜੇ ਇਸ ਕਾਨੂੰਨ ਨੂੰ ਘੜਨ ਲਈ ਨਾ ਢੁਕਵਾਂ ਮਹੌਲ ਹੈ ਤੇ ਨਾ ਹੀ ਇਸਦੀ ਜ਼ਰੂਰਤ ਹੈ।

ਗਜ਼ਟਿਡ ਤੇ ਨਾਨ-ਗਜ਼ਟਿਡ ਫੈਡਰੇਸ਼ਨ ਵੱਲੋਂ ਪੈਨਸ਼ਨਰਜ਼ ਦੇ ਜਬਰੀ ਵਿਕਾਸ ਫੰਡ ਦੀ ਕਟੌਤੀ ਵਿਰੁੱਧ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

ਫਗਵਾੜਾ (ਜਸਵਿੰਦਰ ਢੱਡਾ) ਐਸ.ਸੀ.ਬੀ.ਸੀ. ਸਮਾਜ ਅਤੇ ਮੁਲਾਜਮ ਵਰਗ ਦੇ ਹੱਕਾਂ ਦੀ ਆਵਾਜ ਬੁਲੰਦ ਕਰਨ ਵਾਲੀ ਗਜਟਿਡ ਨਾਨ-ਗਜਟਿਡ ਐਸ.ਸੀ.ਬੀ.ਸੀ. ਇੰਪਲਾਇਜ ਫੈਡਰੇਸ਼ਨ ਇਕਾਈ ਕਪੂਰਥਲਾ ਦੇ ਪ੍ਰਧਾਨ ਅਤੇ ਐਡੀਸ਼ਨਲ ਸਟੇਟ ਪ੍ਰਧਾਨ ਸਤਵੰਤ ਟੂਰਾ, ਮਨਜੀਤ ਗਾਟ,ਗਿਆਨ ਚੰਦ ਵਾਹਦ, ਲਖਵੀਰ ਚੰਦ, ਬਲਵਿੰਦਰ ਨਿਧੜਕ ਦੀ ਅਗਵਾਈ ਅਧੀਨ ਇੱਕ ਵਫਦ ਨੇ ਸਟੇਟ ਕਮੇਟੀ ਵੱਲੋਂ ਲਏ ਫੈਸਲੇ ਅਨੁਸਾਰ ਇੱਕ ਮੰਗ-ਪੱਤਰ, ਮੁੱਖ ਮੰਗਾਂ ਨੂੰ ਲੈ ਕੇ,ਜਿਸ ਵਿਚ ਹਾਲ ਹੀ ਵਿਚ ਪੰਜਾਬ ਸਰਕਾਰ ਵੱਲੋਂ ਜਿੱਥੇ ਮੁਲਾਜਮ ਵਰਗ ਉਤੇ ਪਹਿਲਾਂ ਹੀ ਵਿਕਾਸ ਫੰਡ ਜਬਰੀ ਦੋ ਸੌ ਰੁਪਏ ਲਗਾਇਆ ਹੋਇਆ ਹੈ,ਜਦ ਕਿ ਉਹ ਪਹਿਲਾਂ ਹੀ ਭਾਰੀ ਟੈਕਸ ਦੇ ਰਹੇ ਹਨ, ਉੱਪਰ ਵੀ ਜਬਰੀ ਦੋ ਸੌ ਰੁਪਏ ਮਹੀਨਾ ਵਿਕਾਸ ਫੰਡ ਕੱਟਣ ਦਾ ਤੁਗਲਕੀ ਫੁਰਮਾਨ ਜਾਰੀ ਕਰ ਦਿੱਤਾ ਹੈ ਜੋ ਕਿ ਸੇਵਾ ਮੁਕਤ ਕਰਮਚਾਰੀਆਂ ਦੇ ਸਨਮਾਨ ਨੂੰ ਸੱਟ ਮਾਰਦਾ ਹੈ। ਟੂਰਾ ਅਤੇ ਗਾਟ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਹ ਜਬਰੀ ਟੈਕਸ ਵਸੂਲਣ ਵਾਲਾ ਪੱਤਰ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ। ਲਖਵੀਰ ਚੰਦ ਅਤੇ ਬਲਵਿੰਦਰ ਨਿਧੜਕ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪੈਨਸਨਰਜ ਦਾ ਮੈਡੀਕਲ ਭੱਤਾ ਘੱਟੋ-ਘੱਟ ਪੰਜ ਹਜਾਰ ਰੁਪਏ ਕੀਤਾ ਜਾਵੇ, ਕਿਉਂਕਿ ਬੁਢਾਪੇ ਸਮੇਂ ਦਵਾ-ਦਾਰੂ ਦਾ ਖਰਚਾ ਵੱਧ ਜਾਂਦਾ ਹੈ। ਗਿਆਨ ਚੰਦ ਵਾਹਦ ਅਤੇ ਪਰਵੀਨ ਕੁਮਾਰ ਨੇ ਕਿਹਾ ਕਿ ਸਿੱਖਿਆ ਵਿਭਾਗ ਵਿੱਚ ਹਜਾਰਾਂ ਦੀ ਤਾਦਾਦ ਵਿੱਚ ਪ੍ਰਿੰਸੀਪਲਾਂ/ਹੈੱਡਮਾਸਟਰਾਂ,ਵੱਖ-ਵੱਖ ਵਿਸ਼ਿਆਂ ਦੇ ਲੈਕਚਰਾਰਾਂ,ਮਾਸਟਰਾਂ ਦੀਆਂ ਪੋਸਟਾਂ ਖਾਲੀ ਹਨ ਪਰ ਅਫਸੋਸ ਦੀ

30-JUNE-PAGE-7.qxd 6/29/2023 11:24 PM Page 1

ਸੀ.ਬੀ.ਆਈ. ਟੀਮ ਵੱਲੋਂ ਟ੍ਰੈਵਲ ਏਜੰਟ ਦੇ ਦਫ਼ਤਰ 'ਤੇ ਘਰ ਛਾਪੇਮਾਰੀ

ਟ੍ਰੈਵਲ ਏਜੰਟ ਦੇ ਦਫ਼ਤਰ ਵਿੱਚ ਬੈਠੇ ਸੀ.ਬੀ.ਆਈ. ਟੀਮ ਦੇ ਅਧਿਕਾਰੀ।

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਵਿਖੇ ਜਗਦੰਬੇ ਇੰਟਰਨੈਸ਼ਨਲ ਟ੍ਰੈਵਲ ਏਜੰਟ ਦੇ ਦਫ਼ਤਰ ਤੇ ਘਰ ਵਿੱਚ ਬੁੱਧਵਾਰ ਸੀ.ਬੀ.ਆਈ. ਟੀਮ ਵੱਲੋਂ ਛਾਪੇਮਾਰੀ ਕੀਤੀ ਗਈ ਅਤੇ ਟੀਮ ਸਵੇਰੇ 10 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ 6.30 ਵਜੇ ਤੱਕ ਦਸਤਾਵੇਜ਼ ਖੰਗਾਲਦੀ ਰਹੀ। ਪ੍ਰਾਪਤ ਜਾਣਕਾਰੀ ਅਨੁਸਾਰ ਸੀ.ਬੀ.ਆਈ. ਟੀਮ ਦੇ ਅਧਿਕਾਰੀਆਂ ਨੇ ਮਾਛੀਵਾੜਾ ਪੁਲਸ ਨੂੰ ਨਾਲ ਲੈ ਕੇ ਜਗਦੰਬੇ ਇੰਟਰਨੈਸ਼ਨਲ ਟ੍ਰੈਵਲ ਏਜੰਟ ਦੇ ਪਿੰਡ ਝੜੌਦੀ ਵਿਖੇ ਬਣੀ ਕੋਠੀ ਤੇ ਸਥਾਨਕ ਸਮਰਾਲਾ ਰੋਡ 'ਤੇ ਸਥਿਤ ਦਫ਼ਤਰ 'ਚ ਛਾਪੇਮਾਰੀ ਕੀਤੀ। ਸੀ.ਬੀ.ਆਈ. ਟੀਮ ਦੇ ਅਧਿਕਾਰੀ ਇੰਸਪੈਕਟਰ ਸੁਨੀਲ ਸ਼ਰਮਾ ਨੇ ਦੱਸਿਆ ਕਿ ਅਮਰੀਕਾ ਤੇ ਫਰਾਂਸ ਦੇ ਜਾਲ੍ਹੀ ਵੀਜ਼ੇ ਦਾ ਵੱਡਾ ਘਪਲਾ ਹੈ, ਜਿਸ ਸਬੰਧੀ ਸੀ.ਬੀ.ਆਈ. ਜਾਂਚ ਕਰ ਰਹੀ ਹੈ।

ਉਨ੍ਹਾਂ ਕੇਵਲ ਐਨਾ ਹੀ ਦੱਸਿਆ ਕਿ ਇਸ ਮਾਮਲੇ ਸਬੰਧੀ ਉਨ੍ਹਾਂ ਵੱਲੋਂ ਟ੍ਰੈਵਲ ਏਜੰਟ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਅੱਜ ਦਫ਼ਤਰ ਤੇ ਘਰ 'ਚ ਛਾਪੇਮਾਰੀ ਕੀਤੀ ਗਈ। ਜਾਣਕਾਰੀ ਅਨੁਸਾਰ ਸੀ.ਬੀ.ਆਈ. ਟੀਮ ਨੂੰ ਛਾਪੇਮਾਰੀ ਦੌਰਾਨ ਕਾਫ਼ੀ ਦਸਤਾਵੇਜ਼ ਮਿਲੇ ਹਨ, ਜਿਨ੍ਹਾਂ ਨੂੰ ਉਹ ਆਪਣੇ ਨਾਲ ਲੈ ਗਈ, ਪਰ ਅਧਿਕਾਰੀਆਂ ਨੇ ਇਸ ਸਬੰਧੀ ਕੋਈ ਵੀ ਜਾਣਕਾਰੀ ਦੇਣ ਤੋਂ ਇੰਨਕਾਰ ਕਰ ਦਿੱਤਾ। ਸੀ.ਬੀ.ਆਈ. ਟੀਮ ਨੂੰ ਟ੍ਰੈਵਲ ਏਜੰਟ ਬਲਵਿੰਦਰ ਸਿੰਘ ਨਹੀਂ ਮਿਲਿਆ ਤੇ ਇਹ ਵੀ ਜਾਣਕਾਰੀ ਮਿਲੀ ਹੈ ਕਿ ਉਹ ਇਸ ਸਮੇਂ ਵਿਦੇਸ਼ ਗਿਆ ਹੋਇਆ ਹੈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸੀ.ਬੀ.ਆਈ. ਵੱਲੋਂ ਦਿੱਲੀ ਵਿਖੇ ਇੱਕ ਟ੍ਰੈਵਲ ਏਜੰਟ ਕਾਬੂ ਕਰ ਉਸ ਉੱਪਰ ਮਾਮਲਾ ਦਰਜ ਕੀਤਾ ਗਿਆ, ਜਿਸ ਤੋਂ ਬਾਅਦ ਤਾਰ ਨਾਲ ਤਾਰ ਜੁੜਦੇ ਗਏ ਤੇ ਅਮਰੀਕਾ ਤੇ ਫਰਾਂਸ ਦੇ ਜਾਲ੍ਹੀ ਵੀਜ਼ਿਆਂ ਦਾ ਵੱਡਾ ਸਕੈਂਡਲ ਸਾਹਮਣੇ ਆਇਆ। ਸੀ.ਬੀ.ਆਈ. ਟੀਮ ਅਨੁਸਾਰ ਜਾਲ੍ਹੀ ਵੀਜ਼ੇ ਦੇ ਤਾਰ ਮਾਛੀਵਾੜਾ ਦੇ ਟ੍ਰੈਵਲ ਏਜੰਟ ਨਾਲ ਵੀ ਜੁੜੇ, ਜੋ ਇੱਥੇ ਪਹੁੰਚ ਗਏ। ਇਹ ਵੀ ਜਾਣਕਾਰੀ ਮਿਲੀ ਹੈ ਕਿ ਜਾਲ੍ਹੀ ਵੀਜ਼ੇ ਕਾਰਨ ਕੁਝ ਨੌਜਵਾਨ ਵਿਦੇਸ਼ ਨਹੀਂ ਪੁੱਜ ਸਕੇ, ਜਿਸ ਕਾਰਨ ਇਹ ਮਾਮਲਾ ਸੀ.ਬੀ.ਆਈ. ਕੋਲ ਪੁੱਜਾ ਤੇ ਹੁਣ ਸਾਰੀਆਂ ਕੜੀਆਂ ਨੂੰ ਜੋੜ ਕੇ ਜਿੰਨੇ ਵੀ ਟ੍ਰੈਵਲ ਏਜੰਟ ਮਾਮਲੇ ਵਿੱਚ ਸ਼ਾਮਲ ਹਨ, ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਜੁਟੀ ਹੋਈ ਹੈ।

ਸੀਵਰੇਜ ਸਮੱਸਿਆ ਦੇ ਹੱਲ ਲਈ ਯਤਨ ਤੇਜ਼

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਪਿਛਲੇ ਕਈ ਦਿਨਾਂ ਤੋਂ ਰਾਮਪੁਰਾ ਫੂਲ ਸ਼ਹਿਰ ਦੇ ਸੀਵਰੇਜ ਦੇ ਗੰਦੇ ਪਾਣੀ ਦੀ ਸਮੱਸਿਆ ਦਾ ਮਾਮਲਾ ਹਰ ਰੋਜ਼ ਨਵਾਂ ਮੋੜ ਲੈ ਰਿਹਾ। ਜਿਥੇ ਪਿਛਲੇ ਦਿਨਾਂ ਤੋਂ ਸ਼ਹਿਰ ਦੇ ਕੁਝ ਸਿਰਕੱਢ ਆਗੂਆਂ ਅਤੇ ਸਥਾਨਕ ਸ਼ਹਿਰ ਦੀ ਨਿਊ ਮਾਰਕੀਟ ਦੇ ਦੁਕਾਨਦਾਰਾਂ ਵੱਲੋਂ ਸੀਵਰੇਜ ਦੇ ਮਾੜੇ ਪ੍ਰਬੰਧਾਂ ਦੇ ਚਲਦਿਆਂ ਨਗਰ ਕੌਂਸਲ ਦੀ ਢਿੱਲੀ ਕਾਰਗੁਜ਼ਾਰੀ ਖਿਲਾਫ ਰੋਸ ਕਰਕੇ ਧਰਨਾ ਦਿੱਤਾ ਗਿਆ ਸੀ। ਪਰ ਦੂਸਰੇ ਪਾਸੇ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਸ਼ਹਿਰ ਦੇ ਸੀਵਰੇਜ ਦੇ ਗੰਦੇ ਪਾਣੀ ਦੀ ਸਮੱਸਿਆ ਦੇ ਹੱਲ ਲਈ ਦਿਨ ਰਾਤ ਇਕ ਕੀਤਾ ਹੋਇਆ ਹੈ। ਜ਼ਿਲ੍ਹੇ ਦੀ ਐਡੀਸ਼ਨਲ ਡਿਪਟੀ ਕਮਿਸ਼ਨਰ ਡਾ: ਮਨਦੀਪ ਕੌਰ ਵੱਲੋਂ ਸ਼ਹਿਰ ਦੀ ਨਿਊ ਮਾਰਕੀਟ ਦੇ ਹਾਲਾਤ ਦਾ ਜਾਇਜ਼ਾ ਲਿਆ ਅਤੇ ਉਥੇ ਸੀਵਰੇਜ ਦੇ ਟਰੀਟਮੈਂਟ ਪਲਾਂਟ ਦਾ ਦੌਰਾ ਵੀ ਕੀਤਾ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਸਮੱਸਿਆ ਦਾ ਹੱਲ ਜਲਦੀ ਹੋਵੇਗਾ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰੌਬੀ ਬਰਾੜ, ਸ਼ੇਰ ਬਹਾਦਰ ਸਿੰਘ ਧਾਲੀਵਾਲ, ਨਰੇਸ਼ ਕੁਮਾਰ, ਗੁਰਜੀਤ ਸਿੰਘ ਭੂੰਦੜ, ਬਾਵਾ ਇੰਦਰ, ਰਾਵਿੰਦਰ ਸਿੰਘ (ਨੀਕਾ), ਮਨੋਜ ਸਕੀਆ , ਨਿਰਮਲ ਸਿੰਘ, ਪਰਮਿੰਦਰ ਮਿੱਟੂ, ਅਮਨ ਬਾਹੀਆ, ਰਾਜੇਸ਼ ਕਾਲਾ ਸਮੇਤ ਮਨੀ ਸਿੰਗਲਾ , ਗੁਰਪ੍ਰੀਤ ਸਿੰਘ , ਨਾਇਬ ਸਿੰਘ ਹੋਰ ਵੀ ਵਰਕਰ ਪਿਛਲੇ ਦੋ ਦਿਨਾਂ ਤੋਂ ਮੁੱਖ ਸੀਵਰੇਜ ਪਲਾਂਟ ਤੇ ਮੁਲਜ਼ਮਾਂ ਕੋਲ ਖੜ੍ਹ ਕੇ ਗੰਦੇ ਪਾਣੀ ਦਾ ਨਿਕਾਸ ਕਾਰਵਾ ਰਹੇ ਹਨ। ਇਸ ਦੀ ਜਾਣਕਾਰੀ ਦਿੰਦਿਆਂ ਆਪ ਆਗੂਆਂ ਨੇ ਦੱਸਿਆ ਕਿ ਹਲਕੇ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਵੱਲੋਂ ਸ਼ਹਿਰ ਦੀ ਇਸ ਸਮੱਸਿਆ ਲਈ ਲਗਾਤਾਰ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਸਖਤ ਨਿਰਦੇਸ਼ ਦਿੱਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ 35 ਹਾਰਸ ਪਾਵਰ ਦੀ ਨਵੀਂ ਮੋਟਰ ਲਿਆਂਦੀ ਗਈ ਤਾਂ ਜੋ ਸੀਵਰੇਜ ਦਾ ਗੰਦਾ ਪਾਣੀ ਸ਼ਹਿਰ ਵਾਸੀਆਂ ਲਈ ਮੁਸ਼ਕਲ ਨਾ ਬਣੇ। ਉਨ੍ਹਾ ਦੱਸਿਆ ਕਿ ਟਰੀਟਮੈਂਟ ਪਲਾਂਟ 'ਤੇ ਦਿਨ ਰਾਤ ਵਿੱਚ 8 -8 ਘੰਟਿਆਂ ਦੀਆਂ ਤਿੰਨ ਤਿੰਨ ਸ਼ਿਫਟਾਂ ਬਣਾ ਕੇ ਪਾਣੀ ਦੇ ਨਿਕਾਸ ਦਾ ਕੰਮ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਜੇਕਰ ਇੱਕ ਦੋ ਦਿਨ ਭਾਰੀ ਬਰਸਾਤ ਨਹੀਂ ਹੁੰਦੀ ਤਾਂ ਸੀਵਰੇਜ ਦੀ ਸਮੱਸਿਆ ਦਾ ਹੱਲ ਜਲਦੀ ਹੋ ਜਾਵੇਗਾ।

ਕਿਸਾਨ ਖੁਦਕੁਸ਼ੀ ਮਾਮਲੇ 'ਚ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਧਰਨਾ

ਮਲੋਟ, (ਗੁਰਮੀਤ ਸਿੰਘ ਮੱਕੜ) : ਬੀਤੀ 9 ਜੂਨ ਨੂੰ ਗਿੱਦੜਬਾਹਾ ਹਲਕੇ ਦੇ ਪਿੰਡ ਘੱਗਾ ਦੇ ਇੱਕ ਕਿਸਾਨ ਹਰਮੰਦਰ ਸਿੰਘ ਨੇ ਆੜ੍ਹਤੀਆ ਨਾਲ ਕੁੱਝ ਲੈਣ ਦੇਣ ਦੇ ਮਾਮਲੇ ਨੂੰ ਲੈ ਕੇ ਕੋਈ ਜ਼ਹਿਰਲੀ ਦਵਾਈ ਪੀ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ ਸੀ, ਜਿਸ 'ਤੇ ਕਾਰਵਾਈ ਕਰਦੇ ਥਾਣਾ ਸਦਰ ਦੀ ਪੁਲਸ ਵੱਲੋਂ ਮ੍ਰਿਤਕ ਕਿਸਾਨ ਦੀ ਪਤਨੀ ਦੇ ਬਿਆਨਾਂ ਦੇ ਆਧਾਰ 'ਤੇ ਕੁੱਝ ਲੋਕਾਂ ਖਿਲਾਫ ਕਾਰਵਾਈ ਕੀਤੀ ਗਈ ਸੀ, ਜਿਸ ਦੌਰਾਨ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਪ੍ਰੰਤੂ ਬਾਕੀਆਂ ਦੀ ਗ੍ਰਿਫ਼ਤਾਰੀ ਨਾ ਹੋਣ ਕਰਕੇ ਅੱਜ ਕਿਰਤੀ ਕਿਸਾਨ ਯੂਨੀਅਨ ਦੇ ਕਿਸਾਨਾਂ ਨੇ ਪੀੜਤ ਕਿਸਾਨ ਪਰਿਵਾਰ ਨੂੰ ਇੰਨਸਾਫ ਦਿਵਾਉਣ ਦੇ ਮਕਸਦ ਨਾਲ ਪੁਲਸ ਖਿਲਾਫ ਥਾਣਾ ਸਦਰ ਅੱਗੇ ਟੈਂਟ ਲਗਾ ਕੇ ਰੋਸ ਧਰਨਾ ਦਿੱਤਾ ਤੇ ਕਿਸਾਨ ਆਗੂਆਂ ਨੇ ਰਹਿੰਦੇ ਮੁਲਜ਼ਮਾਂ ਨੂੰ ਜਲਦ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਅਤੇ ਚੇਤਾਵਨੀ ਦਿੱਤੀ ਕਿ ਜੇਕਰ ਰਹਿੰਦੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਉਹ ਇਸ ਸੰਘਰਸ਼ ਨੂੰ ਸੂਬਾ ਪੱਧਰ ਤੱਕ ਲੈ ਕੇ ਜਾਣਗੇ। ਦੂਜੇ ਪਾਸੇ ਥਾਣਾ ਸਦਰ ਪੁਲਸ ਦੇ ਮੁਖੀ ਜਸਕਰਨ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਮ੍ਰਿਤਕ ਕਿਸਾਨ ਦੀ ਪਤਨੀ ਬਲਵਿੰਦਰ ਕੌਰ ਦੇ ਬਿਆਨਾਂ 'ਤੇ 306 ਦਾ ਮਾਮਲਾ ਦਰਜ ਕੀਤਾ ਗਿਆ ਸੀ, ਜਿਸ ਵਿੱਚ ਇੱਕ ਵਿਆਕਤੀ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ ਤੇ ਇੱਕ ਨੂੰ ਮਾਨਯੋਗ ਹਾਈਕੋਰਟ ਵੱਲੋਂ ਰੈਸਟ ਸਟੇਅ ਮਿਲੀ ਚੁੱਕੀ ਹੈ ਅਤੇ ਪੁਲਸ ਆਪਣੀ ਕਾਰਵਾਈ ਵਿੱਚ ਲੱਗੀ ਹੋਈ ਹੈ ਤੇ ਪੁਲਸ ਉੱਪਰ ਲੱਗ ਰਹੇ ਦੋਸ਼ ਸਰਾਸਰ ਗਲਤ ਹਨ।

ਕਾਤਰਾਂ

ਸਾਹਿਤ ਸਭਾ ਮਾਛੀਵਾੜਾ ਦੀ ਸਾਹਿਤਕ ਮਿਲਣੀ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਾਹਿਤ ਸਭਾ ਮਾਛੀਵਾੜਾ ਦੀ ਮਾਸਿਕ ਇਕੱਤਰਤਾ ਸ੍ਰੀ ਸ਼ੰਕਰਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਟੀ. ਲੋਚਨ ਦੀ ਪ੍ਰਧਾਨਗੀ ਵਿੱਚ ਹੋਈ। ਮੀਟਿੰਗ ਵਿੱਚ ਸਭ ਤੋਂ ਪਹਿਲਾਂ ਇੱਕ ਸ਼ੋਕ ਮਤੇ ਰਾਹੀਂ ਉੱਘੇ ਅਦਾਕਾਰ ਮੰਗਲ ਸਿੰਘ ਢਿੱਲੋਂ ਦੀ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਰਚਨਾਵਾਂ ਦੇ ਦੌਰ ਵਿੱਚ ਅਵਤਾਰ ਸਿੰਘ ਉਟਾਲਾਂ ਨੇ ਕਵਿਤਾ 'ਵਿਆਹ' ਤੇ ਇੱਕ ਗੀਤ ਸੁਣਾਇਆ, ਕਸ਼ਮੀਰ ਸਿੰਘ ਨੇ ਧੀ ਬਾਬਤ ਗੀਤ ਸੁਣਾਇਆ, ਰਘਬੀਰ ਸਿੰਘ ਭਰਤ ਨੇ ਲੇਖ 'ਲੋਕ ਗੀਤ ਇੱਕ ਅਧਿਐਨ' ਸੁਣਾਇਆ, ਸ਼ਾਇਰ ਅਮਰਿੰਦਰ ਸੋਹਲ ਨੇ ਇੱਕ ਬੈਂਤ ਤੇ ਇੱਕ ਗ਼ਜ਼ਲ 'ਜਿਸ ਦੀ ਤਲਾਸ਼ ਵਿਚ ਸਭ ਕੋਨੇ ਹੁੰਗਾਲ ਤੇ, ਹਾਲੇ ਵੀ ਉਸ ਨੂੰ ਸ਼ੱਕ ਹੈ ਮੇਰੀ ਭਾਲ ਤੇ' ਸੁਣਾਈ, ਸ਼ਾਇਰ ਨਿਰੰਜਨ ਸੂਖਮ ਨੇ ਗ਼ਜ਼ਲ 'ਕਿਸ ਤਰ੍ਹਾਂ ਦਾ ਆ ਗਿਆ ਹਿੱਸੇ ਮੇਰੇ ਕਿਰਦਾਰ ਹੈ' ਸੁਣਾਈ, ਜਿਸ ਨੂੰ ਕਾਫ਼ੀ ਦਾਦ ਮਿਲੀ। ਅੰਤ ਵਿੱਚ ਸ਼ਾਇਰ ਟੀ. ਲੋਚਨ ਨੇ ਗ਼ਜ਼ਲ 'ਠੀਕ ਹੈ ਮੈਂ ਬਿਨ ਮਿਲੇ ਮਰਦਾ ਨਹੀਂ' ਸੁਣਾਈ, ਜਿਸ ਨੂੰ ਕਾਫ਼ੀ ਦਾਦ ਮਿਲੀ। ਇਕੱਤਰਤਾ ਦਾ ਸੰਚਾਲਨ ਜਨਰਲ ਸਕੱਤਰ ਨਿਰੰਜਨ ਸੂਖਮ ਨੇ ਕੀਤਾ। ਪੜ੍ਹੀਆਂ ਗਈਆਂ ਰਚਨਾਵਾਂ 'ਤੇ ਹਾਜ਼ਰ ਸਾਹਿਤਕਾਰਾਂ ਨੇ ਉਸਾਰੂ ਚਰਚਾ ਕੀਤੀ। ਅੰਤ ਵਿੱਚ ਸਾਰਿਆਂ ਦਾ ਧੰਨਵਾਦ ਸਭਾ ਦੇ ਪ੍ਰਧਾਨ ਨੇ ਕੀਤਾ।

ਖੇਤੀ ਮਸ਼ੀਨਰੀ 'ਤੇ ਸਬਸਿਡੀ ਲਈ 20 ਤੱਕ ਅਰਜ਼ੀਆਂ : ਡੀ ਸੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ): ਪੰਜਾਬ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਪਰਾਲੀ ਦੀ ਸਾਂਭ ਸੰਭਾਲ ਸੰਬੰਧੀ ਵੱਖ-ਵੱਖ ਮਸ਼ੀਨਾਂ ਤੇ ਸਬਸਿਡੀ ਦਿੱਤੀ ਜਾਵੇਗੀ। ਜ਼ਿਲ੍ਹਾ ਫਿਰੋਜ਼ਪੁਰ ਦੇ ਸਬਸਿਡੀ ਲੈਣ ਦੇ ਚਾਹਵਾਨ ਕਿਸਾਨ 20 ਜੁਲਾਈ 2023 ਤੱਕ ਆਪਣੀਆਂ ਅਰਜ਼ੀਆਂ ਆਨਲਾਈਨ ਪੋਰਟਲ 'ਤੇ ਦੇ ਸਕਦੇ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦਿੱਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੱਖ ਵੱਖ ਮਸ਼ੀਨਾਂ ਜਿਵੇਂ ਕਿ ਸੁਪਰ ਐੱਸਐੱਮਐੱਸ, ਹੈਪੀ ਸੀਡਰ, ਪੈਡੀ ਸਟਰਾਅ ਚੌਪਰ/ ਸ਼ਰੈਡਰ/ਮਲਚਰ, ਸਮਾਰਟ ਸੀਡਰ, ਜ਼ੀਰੋ ਟਿੱਲ ਡਰਿੱਲ, ਸੁਪਰ ਸੀਡਰ, ਬੇਲਰ, ਰੇਕ, ਸਰਬ ਮਾਸਟਰ/ਰੋਟਰੀ ਸਲੈਸ਼ਰ, ਕਰਾਪ ਰੀਪਰ, ਉਲਟਾਵੇਂ ਪਲਾਓ ਤੇ ਕਿਸਾਨਾਂ ਨੂੰ ਸਬਸਿਡੀ ਦਿੱਤੀ ਜਾਵੇਗੀ। ਸਬਸਿਡੀ ਦੀ ਦਰ ਸਕੀਮ ਦੀਆਂ ਗਾਈਡਲਾਈਨਜ਼ ਅਨੁਸਾਰ ਹੋਵੇਗੀ ਅਤੇ ਐੱਸ ਸੀ ਕਿਸਾਨਾਂ ਲਈ ਸਕੀਮ ਅਧੀਨ ਵੱਖਰੇ ਤੌਰ 'ਤੇ ਫੰਡ ਉਪਲਬਧ ਹਨ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਨਾ ਕੇਵਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ ਸਗੋਂ ਮਿੱਟੀ ਦੀ ਉਪਰਲੀ ਪਰਤ 'ਤੇ ਮਿੱਤਰ ਜੀਵਾਂ ਅਤੇ ਕੀਮਤੀ ਕੁਦਰਤੀ ਤੱਤ ਵੀ ਤਬਾਹ ਹੋ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਕਿਸਾਨ ਕਾਲ ਸੈਂਟਰ ਦੇ ਟੋਲ ਫਰੀ ਨੰਬਰ 18001801551 'ਤੇ ਖੇਤੀਬਾੜੀ ਸੰਬੰਧੀ ਸਲਾਹ ਲੈ ਸਕਦੇ ਹਨ।

ਮੈਕਰੋ ਗਲੋਬਲ ਜਗਰਾਉਂ ਦੇ ਵਿਦਿਆਰਥੀ ਨੇ ਪ੍ਰਾਪਤ ਕੀਤੇ 7.5 ਬੈਂਡ

ਜਗਰਾਉਂ, (ਸੰਜੀਵ ਅਰੋੜਾ)-ਮੈਕਰੋ ਗਲੋਬਲ ਮੋਗਾ ਦੀ ਜਗਰਾਉਂ ਬ੍ਰਾਂਚ ਆਪਣੀਆਂ ਆਈਲੈਟਸ ਅਤੇ ਸਟੂਡੈਂਟ ਵੀਜ਼ੇ ਦੀਆਂ ਸੇਵਾਵਾਂ ਨਾਲ ਪੰਜਾਬ ਦੀ ਮੰਨੀ-ਪ੍ਰਮੰਨੀ ਸੰਸਥਾ ਬਣ ਚੁੱਕੀ ਹੈ। ਸੰਸਥਾ 'ਚ ਸਟੂਡੈਂਟ ਵੀਜ਼ੇ ਦੇ ਨਾਲ-ਨਾਲ ਵਿਜ਼ਿਟਰ ਵੀਜ਼ਾ ਅਤੇ ਓਪਨ ਵਰਕ ਪਰਮਿਟ ਦੀਆਂ ਸੇਵਾਵਾਂ ਵੀ ਦਿੱਤੀਆਂ ਜਾਂਦੀਆਂ ਹਨ। ਮੈਕਰੋ ਗਲੋਬਲ ਜਗਰਾਉਂ ਬ੍ਰਾਂਚ ਦੇ ਵਿਦਿਆਰਥੀਆਂ 'ਚੋਂ ਰਮਨਜੋਤ ਸਿੰਘ ਤੂਰ ਪੁੱਤਰ ਗੁਰਦੀਪ ਸਿੰਘ ਤੂਰ ਵਾਸੀ ਜਗਰਾਉਂ, ਜਿਨ੍ਹਾਂ ਨੇ ਲਿਸਨਿੰਗ 'ਚੋਂ 8.5, ਰੀਡਿੰਗ 'ਚੋਂ 9, ਰਾਈਟਿੰਗ 'ਚੋਂ 6.5, ਸਪੀਕਿੰਗ 'ਚੋਂ 6.5 ਬੈਂਡ ਹਾਸਲ ਕੀਤੇ ਹਨ। ਸੰਸਥਾ 'ਚ ਕਮਜ਼ੋਰ ਵਿਦਿਆਰਥੀਆਂ ਲਈ ਸਪੈਸ਼ਲ ਸੈਮੀਨਾਰ ਰੱਖਿਆ ਜਾਂਦਾ ਹੈ। ਕੁਆਲਟੀ ਨੂੰ ਬਰਕਰਾਰ ਰੱਖਦੇ ਹੋਏ ਵਿਦਿਆਰਥੀਆਂ ਨੂੰ ਫਰੈਸ਼ ਹੈਡਆਊਟਸ ਦਿੱਤੇ ਜਾਂਦੇ ਹਨ, ਜੋ ਕਿ ਵਿਦਿਆਰਥੀਆਂ ਨੂੰ ਚੰਗੇ ਸਕੋਰ ਪ੍ਰਾਪਤ ਕਰਨ ਲਈ ਮਦਦਗਾਰ ਸਾਬਤ ਹੋਏ ਹਨ। ਇਸ ਮੌਕੇ ਗੁਰਮਿਲਾਪ ਸਿੰਘ ਡੱਲਾ ਨੇ ਸਟਾਫ਼ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਵਿਦਿਆਰਥੀ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

ਮੂਰਤੀ ਸਥਾਪਨਾ ਦੇ ਸੰਬੰਧ 'ਚ ਵਿਸ਼ਾਲ ਜਾਗਰਣ

ਭੀਖੀ, (ਧਰਮਵੀਰ ਸ਼ਰਮਾ) ਹਾਰੇ ਕਾ ਸਹਾਰਾ ਵੈਲਫੇਅਰ ਕਮੇਟੀ ਭੀਖੀ ਵੱਲੋਂ ਸ੍ਰੀ ਸ਼ਨੀ ਮੰਦਰ ਰਾਮ ਬਾਗ ਰੋਡ ਵਿਖੇ ਸ੍ਰੀ ਸ਼ਿਆਮ ਬਾਬਾ ਖਾਟੂ ਵਾਲੇ ਦੀ ਮੂਰਤੀ ਸਥਾਪਨਾ ਦੇ ਸੰਬੰਧ ਵਿੱਚ ਵਿਸ਼ਾਲ ਜਾਗਰਣ ਕਰਵਾਇਆ ਗਿਆ। ਇਸ ਮੌਕੇ ਜਾਗਰਣ ਦੀ ਪੂਜਾ ਅਤੇ ਜੋਤੀ ਪ੍ਰਚੰਡ ਕਰਨ ਦੀ ਰਸਮ ਸੰਦੀਪ ਕੁਮਾਰ ਦੀਪੂ ਇੰਸਪੈਕਟਰ ਪਨਸਪ ਨੇ ਅਦਾ ਕੀਤੀ। ਇਸ ਮੌਕੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਅਸ਼ਦੀਪ ਸਿੰਘ ਮਾਇਕਲ ਗਾਗੋਵਾਲ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕਰਦਿਆਂ ਬਾਬਾ ਜੀ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਜਾਗਰਣ ਦੌਰਾਨ ਬਾਬਾ ਜੀ ਦਾ ਗੁਣਗਾਣ ਕਰਨ ਲਈ ਇੰਦਰਜੀਤ ਪਰਵਾਰ ਅਤੇ ਸਜਲ ਬਾਂਸਲ ਮਲੇਰਕੋਟਲਾ ਪਹੁੰਚੇ। ਇਸ ਮੌਕੇ ਲੰਗਰ ਵੀ ਅਤੂੱਟ ਵਰਤਾਇਆ ਗਿਆ। ਇਸ ਮੌਕੇ ਕਮੇਟੀ ਦੇ ਪ੍ਰਧਾਨ ਰਜਨੀਸ਼ ਸ਼ਰਮਾ ਕਾਲਾ ਨੇ ਦੱਸਿਆ ਕਿ 29 ਜੂਨ ਨੂੰ ਬਾਬਾ ਖਾਟੂ ਸ਼ਿਆਮ ਦੀ ਵਿਸ਼ਾਲ ਮੂਰਤੀ

30-June-PAGE-11-Majha-23.qxd 6/29/2023 10:42 PM Page 1

ਵਿਆਹੁਤਾ ਨੇ ਲਗਾਏ ਸਹੁਰਿਆਂ 'ਤੇ ਦਾਜ ਤੇ ਬੇਰਹਿਮੀ ਨਾਲ ਕੁੱਟਣ ਦੇ ਦੋਸ਼

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਜ਼ਿਲ੍ਹਾ ਤਰਨ ਤਾਰਨ ਅਧੀਨ ਪੈਂਦੇ ਪਿੰਡ ਭਗਵਨਪੁਰਾ ਦੀ ਵਸਨੀਕ ਲੜਕੀ ਨੰਦਨੀ ਪੁੱਤਰੀ ਨੇਹਾ ਰਾਣੀ ਜਿਸ ਦਾ ਵਿਆਹ ਸੱਤ ਮਹੀਨੇ ਪਹਿਲਾਂ ਕੋਟ ਈਸੇ ਖਾਂ ਵਿਖੇ ਹੋਇਆ ਸੀ, ਵੱਲੋਂ ਆਪਣੇ ਸਹੁਰੇ ਪਰਵਾਰ 'ਤੇ ਦਾਜ ਅਤੇ ਰੱਸੀ ਨਾਲ ਫਾਹਾ ਦੇ ਕੇ ਮਾਰਨ ਦੇ ਦੋਸ਼ ਲਗਾਏ ਗਏ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੀੜਤ ਲੜਕੀ ਦੀ ਮਾਂ ਨੇਹਾ ਰਾਣੀ ਅਤੇ ਭਰਾ ਸਾਹਿਲ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਅੱਜ ਤੋਂ ਸੱਤ ਮਹੀਨੇ ਪਹਿਲਾਂ ਆਪਣੀ ਲੜਕੀ ਨੰਦਨੀ ਦਾ ਵਿਆਹ ਆਪਣੀ ਹੈਸੀਅਤ ਮੁਤਾਬਕ ਦਾਜ ਦਹੇਜ ਦੇ ਕੇ ਕੋਟ ਈਸੇ ਖਾਂ ਦੇ ਵਸਨੀਕ ਜਤਿੰਦਰ ਕੁਮਾਰ ਨਾਲ ਪੂਰੇ ਰੀਤੀ ਰਿਵਾਜਾਂ ਨਾਲ ਕੀਤਾ ਸੀ। ਪੀੜਤ ਲੜਕੀ ਦੇ ਮਾਤਾ ਅਤੇ ਭਰਾ ਨੇ ਕਿਹਾ ਕਿ ਵਿਆਹ ਤੋਂ ਕੁੱਝ ਦਿਨ ਬਾਅਦ ਹੀ ਜਤਿੰਦਰ ਕੁਮਾਰ ਅਤੇ ਉਸ ਦੇ ਪਰਵਾਰਕ ਮੈਂਬਰਾਂ ਨੇ ਉਨ੍ਹਾਂ ਦੀ ਲੜਕੀ ਨੂੰ ਦਾਜ ਘੱਟ ਲਿਆਉਣ ਅਤੇ ਬੁਲਟ ਮੋਟਰਸਾਈਕਲ ਦੀ ਮੰਗ ਨੂੰ ਲੈ ਕੇ ਕੁੱਟਣਾ ਸ਼ੁਰੂ ਕਰ ਦਿੱਤਾ, ਪਰ ਉਨ੍ਹਾਂ ਦੀ ਲੜਕੀ ਨੰਦਨੀ ਨੇ ਕਦੇ ਵੀ ਉਨ੍ਹਾਂ ਨੂੰ ਇਸ ਤਸ਼ੱਦਦ ਬਾਰੇ ਨਹੀਂ ਦੱਸਿਆ। ਪੀੜਤ ਲੜਕੀ ਦੀ ਮਾਂ ਨੇ ਕਿਹਾ ਕਿ ਦੋ ਦਿਨ ਪਹਿਲਾਂ ਉਨ੍ਹਾਂ ਦੀ ਲੜਕੀ ਨੇ ਕਿਸੇ ਰਿਸ਼ਤੇਦਾਰ ਦੇ ਫੋਨ ਤੋਂ ਕਾਲ ਕਰਕੇ ਉਨ੍ਹਾਂ ਨੂੰ ਦੱਸਿਆ ਕਿ ਉਸ ਦੇ ਸਹੁਰੇ ਪਰਵਾਰ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਹੈ। ਇਸ ਦੇ ਨਾਲ ਹੀ ਨੰਦਨੀ ਨੇ ਕਿਹਾ ਕਿ ਉਸ ਨੂੰ ਆ ਕੇ ਲੈ ਜਾਉ ਨਹੀਂ ਤਾਂ ਉਸ ਦੇ ਸਹੁਰੇ ਉਸ ਨੂੰ ਜਾਨੋਂ ਵੀ ਮਾਰ ਸਕਦੇ ਹਨ। ਪੀੜਤ ਲੜਕੀ ਦੀ ਮਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਆਪਣੀ ਧੀ ਨੂੰ ਗੰਭੀਰ ਹਾਲਤ 'ਚ ਕੋਟ ਈਸੇ ਖਾਂ ਤੋਂ ਲਿਆ ਕੇ ਸੁਰਸਿੰਘ ਦੇ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਹੈ ਅਤੇ ਇਸ ਘਟਨਾ ਦੀ ਜਾਣਕਾਰੀ ਥਾਣਾ ਭਿੱਖੀਵਿੰਡ ਪੁਲਸ ਨੂੰ ਦੇ ਦਿੱਤੀ ਹੈ। ਇਸ ਮੌਕੇ ਪੀੜਤ ਲੜਕੀ ਨੰਦਨੀ ਨੇ ਭਿੱਖੀਵਿੰਡ ਪੁਲਸ ਨੂੰ ਅਪੀਲ ਕੀਤੀ ਕਿ ਉਸ ਦੇ ਸਹੁਰੇ ਪਰਵਾਰ 'ਤੇ ਕਾਨੂੰਨੀ ਕਾਰਵਾਈ ਕਰਕੇ ਉਸ ਨੂੰ ਇਨਸਾਫ ਦਿਵਾਇਆ ਜਾਵੇ। ਉਧਰ ਜਦੋਂ ਇਸ ਸੰਬੰਧੀ ਨੰਦਨੀ ਦੇ ਪਤੀ ਜਤਿੰਦਰ ਕੁਮਾਰ ਨਾਲ ਫੋਨ 'ਤੇ ਗੱਲਬਾਤ ਕੀਤੀ ਗਈ ਤਾਂ ਉਸ ਨੇ ਆਪਣੇ 'ਤੇ ਲਗਾਏ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦੇ ਹੋਏ ਕਿਹਾ ਕਿ ਉਸ ਦੀ ਪਤਨੀ ਮੋਹਤਬਰ ਦੀ ਹਾਜ਼ਰੀ ਵਿੱਚ ਆਪਣੇ ਪੇਕੇ ਪਰਵਾਰ ਨਾਲ ਬਿਲਕੁਲ ਠੀਕ-ਠਾਕ ਗਈ ਹੈ। ਜਤਿੰਦਰ ਕੁਮਾਰ ਦਾ ਕਹਿਣਾ ਸੀ ਕਿ ਉਸ ਦੀ ਪਤਨੀ ਉਸ 'ਤੇ ਝੂਠੇ ਇਲਜ਼ਾਮ ਲਗਾ ਰਹੀ ਹੈ। ਇਸ ਸੰਬੰਧੀ ਜਦੋਂ ਥਾਣਾ ਭਿੱਖੀਵਿੰਡ ਦੇ ਐਸ ਐਚ ਓ ਬਲਜਿੰਦਰ ਸਿੰਘ ਔਲਖ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾ ਕਿਹਾ ਕਿ ਭਿੱਖੀਵਿੰਡ ਪੁਲਸ ਨੂੰ ਨੰਦਨੀ ਨਾਮਕ ਲੜਕੀ ਵੱਲੋਂ ਦਰਖਾਸਤ ਦਿੱਤੀ ਗਈ ਹੈ, ਜਿਸ 'ਤੇ ਉਹ ਕਾਰਵਾਈ ਕਰ ਰਹੇ ਹਨ।

ਕਲਰਕ ਦੇ ਕਬਜ਼ੇ 'ਚ ਦਫ਼ਤਰ ਦੀਆਂ ਚਾਬੀਆਂ ਹੋਣ ਕਰਕੇ ਕੰਮਕਾਜ ਹੋ ਰਿਹਾ ਪ੍ਰਭਾਵਿਤ

ਗੁਰਦਾਸਪੁਰ (ਜਨਕ ਮਹਾਜਨ)- ਸਿੱਖਿਆ ਵਿਭਾਗ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਧਾਰੀਵਾਲ 2 ਤੋਂ ਤਬਦੀਲ ਹੋਏ ਇੱਕ ਕਲਰਕ ਵੱਲੋਂ ਨਾ ਤਾਂ ਅਜੇ ਆਪਣਾ ਚਾਰਜ ਛੱਡਿਆ ਗਿਆ ਹੈ ਅਤੇ ਨਾ ਦਫ਼ਤਰ ਵਿਚ ਪਈਆਂ ਅਲਮਾਰੀਆਂ ਦੀਆਂ ਚਾਬੀਆਂ ਸੰਬੰਧਤ ਅਧਿਕਾਰੀਆਂ ਨੂੰ ਦਿੱਤੀਆਂ ਗਈਆਂ ਹਨ ਜਦ ਕਿ ਅਲਮਾਰੀਆਂ ਵਿਚ ਸਾਰਾ ਦਫ਼ਤਰੀ ਰਿਕਾਰਡ ਪਿਆ ਹੋਣ ਕਾਰਨ ਦਫ਼ਤਰ ਦਾ ਕੰਮਕਾਜ ਵੀ ਪ੍ਰਭਾਵਿਤ ਹੋ ਰਿਹਾ ਹੈ। ਵਿਭਾਗੀ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸਿੱਖਿਆ ਵਿਭਾਗ ਦੇ ਬਲਾਕ ਧਾਰੀਵਾਲ 2 ਦਫ਼ਤਰ ਵਿਖੇ ਤੈਨਾਤ ਜੂਨੀਅਰ ਸਹਾਇਕ ਕਲਰਕ ਜੋ ਆਪਣੀਆਂ ਮਨਮਾਨੀਆਂ ਕਾਰਨ ਅਤੇ ਇੱਕ ਬਜ਼ੁਰਗ ਜੋੜੇ ਨੂੰ ਤੰਗ ਪਰੇਸ਼ਾਨ ਕਰਨ ਕਾਰਨ ਮੀਡੀਆ ਦੀ ਸੁਰਖ਼ੀਆਂ ਵਿਚ ਵੀ ਰਿਹਾ ਸੀ, ਦਾ ਤਬਾਦਲਾ ਪ੍ਰਬੰਧਕੀ ਆਧਾਰ 'ਤੇ ਸਿੱਖਿਆ ਵਿਭਾਗ ਪੰਜਾਬ ਵੱਲੋਂ 10 ਮਈ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਂਜਲੀ ਜ਼ਿਲ੍ਹਾ ਸੰਗਰੂਰ ਵਿਖੇ ਕਰ ਦਿੱਤਾ ਗਿਆ ਸੀ। ਇਸ ਕਲਰਕ ਨੇ ਨਾ ਤਾਂ ਆਪਣਾ ਪੁਰਾਣਾ ਚਾਰਜ ਛੱਡਿਆ ਹੈ ਅਤੇ ਨਾ ਹੀ ਤਬਾਦਲੇ ਵਾਲੀ ਜਗ੍ਹਾ 'ਤੇ ਚਾਰਜ ਲਿਆ। ਜਦੋਂ ਇਸ ਸੰਬੰਧ ਵਿਚ ਬਲਾਕ ਪ੍ਰਾਇਮਰੀ ਅਧਿਕਾਰੀ ਭਾਰਤ ਰਤਨ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾ ਕਿਹਾ ਕਿ ਉਨ੍ਹਾ ਵੱਲੋਂ ਸੰਬੰਧਤ ਕਲਰਕ ਨੂੰ ਤਿੰਨ ਵਾਰੀ ਚਾਰਜ ਛੱਡਣ ਅਤੇ ਸੰਬੰਧਤ ਰਿਕਾਰਡ ਅਧਿਕਾਰੀਆਂ ਦੇ ਸਪੁਰਦ ਕਰਨ ਲਈ ਸੂਚਿਤ ਕੀਤਾ ਗਿਆ ਹੈ। 15 ਮਈ ਅਤੇ 25 ਮਈ ਨੂੰ ਉਸ ਨੂੰ ਚਾਰਜ ਦੇਣ ਲਈ ਲਿਖਿਆ ਗਿਆ ਪਰ ਕੋਈ ਪ੍ਰਤੀਕਿਰਿਆ ਨਾ ਹੁੰਦੀ ਵੇਖ ਕੇ 21 ਜੂਨ ਨੂੰ ਉਸ ਦੇ ਪਤੇ 'ਤੇ ਰਜਿਸਟਰਡ ਡਾਕ ਰਾਹੀਂ ਪੱਤਰ ਭੇਜਿਆ ਗਿਆ ਅਤੇ 25 ਜੂਨ ਤੱਕ ਚਾਰਜ ਦੇਣ ਲਈ ਕਿਹਾ ਗਿਆ ਪਰ ਫਿਰ ਵੀ ਅਜੇ ਤੱਕ ਉਸ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਗਈ।

ਉਨ੍ਹਾ ਕਿਹਾ ਕਿ ਹੁਣ ਬੀਤੇ ਦਿਨ ਉਨ੍ਹਾ ਵੱਲੋਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੂੰ ਕਲਰਕ ਖ਼ਿਲਾਫ਼ ਬਣਦੀ ਕਾਰਵਾਈ ਕਰਨ ਅਤੇ ਖ਼ਾਲੀ ਪਈ ਅਸਾਮੀ ਭਰਨ ਬਾਰੇ ਲਿਖਿਆ ਗਿਆ ਹੈ। ਜਦੋਂ ਬਲਾਕ ਪ੍ਰਾਇਮਰੀ ਅਧਿਕਾਰੀ ਨੂੰ ਇਸ ਨਾਲ ਦਫ਼ਤਰੀ ਕੰਮਕਾਰ 'ਤੇ ਪੈਣ ਵਾਲੇ ਅਸਰ ਬਾਰੇ ਪੁੱਛਿਆ ਗਿਆ ਤਾਂ ਉਨ੍ਹਾ ਨੇ ਕਿਹਾ ਕਿ ਸਾਰਾ ਦਫ਼ਤਰੀ ਰਿਕਾਰਡ ਦਫ਼ਤਰ ਦੀਆਂ ਅਲਮਾਰੀਆਂ ਵਿਚ ਹੈ ਜਿਸ ਦੀਆਂ ਚਾਬੀਆਂ ਅਜੇ ਤੱਕ ਕਲਰਕ ਵੱਲੋਂ ਕਿਸੇ ਅਧਿਕਾਰੀ ਨੂੰ ਨਹੀਂ ਦਿੱਤੀਆਂ ਗਈਆਂ ਜਦ ਕਿ ਇਸ ਨਾਲ ਸਾਰਾ ਦਫ਼ਤਰੀ ਕੰਮਕਾਰ ਵੀ ਪ੍ਰਭਾਵਿਤ ਹੋ ਰਿਹਾ ਹੈ ਅਤੇ ਆਉਣ ਵਾਲੇ ਤਨਖ਼ਾਹਾਂ ਦੇ ਦਿਨਾਂ ਵਿਚ ਦਫ਼ਤਰ ਨਾਲ ਸੰਬੰਧਤ ਤਮਾਮ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਤਨਖ਼ਾਹਾਂ ਦੇਣ ਦਾ ਕੰਮ ਕਾਰ ਵੀ ਪ੍ਰਭਾਵਿਤ ਹੋਵੇਗਾ।

ਸ਼ਰਾਰਤੀ ਅਨਸਰ ਵੱਲੋਂ ਛੱਪੜ ਦਾ ਕਿਨਾਰਾ ਤੋੜਨ ਨਾਲ 6 ਏਕੜ ਝੋਨੇ ਦੀ ਫਸਲ ਬਰਬਾਦ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਕਸਬਾ ਫਤਿਹਾਬਾਦ ਦੇ ਗੋਇੰਦਵਾਲ ਸਾਹਿਬ ਵਾਲੇ ਰੋਡ 'ਤੇ ਸ਼ਮਸ਼ਾਨਘਾਟ ਲਾਗਲੇ ਛੱਪੜ ਦੇ ਕੰਢੇ ਨੂੰ ਕਿਸੇ ਸ਼ਰਾਰਤੀ ਅਨਸਰ ਵੱਲੋਂ ਤੋੜ ਦਿੱਤੇ ਜਾਣ ਕਰਕੇ ਪਾਣੀ ਨਾਲ 6 ਏਕੜ ਦੀ ਕਰੀਬ ਝੋਨੇ ਦੀ ਫਸਲ ਛੱਪੜ ਦੇ ਪਾਣੀ ਨਾਲ ਡੁੱਬ ਕੇ ਬਰਬਾਦ ਹੋ ਗਈ। ਇਹ ਜਾਣਕਾਰੀ ਪੀੜਤ ਕਿਸਾਨ ਸੁਰਜੀਤ ਸਿੰਘ ਅਤੇ ਸਤਨਾਮ ਸਿੰਘ ਨੇ ਸਾਂਝੀ ਕਰਦਿਆਂ ਦੱਸਿਆ ਕਿ ਉਨ੍ਹਾਂ ਗੁਰਚਰਨ ਸਿੰਘ, ਮਨਦੀਪ ਸਿੰਘ, ਬਲਵਿੰਦਰ ਸਿੰਘ ਦੀ 6 ਕਿੱਲੇ ਜ਼ਮੀਨ ਠੇਕੇ 'ਤੇ ਲੈ ਕੇ ਝੋਨਾ ਲਾਇਆ ਸੀ ਜੋ ਕਿ ਚੰਗੀ ਤਰਾਂ ਚੱਲ ਚੁੱਕਾ ਸੀ ਅਤੇ ਬੂਟੇ ਵਧ ਚੁੱਕੇ ਸਨ ਜਿਸ ਨੂੰ ਖਾਦ ਅਤੇ ਦਵਾਈਆਂ ਆਦਿ ਵੀ ਪੈ ਚੁੱਕੀਆਂ ਸਨ ।ਉਨ੍ਹਾਂ ਦੱਸਿਆ ਕਿ 26 ਜੂਨ ਨੂੰ ਉਨ੍ਹਾਂ ਦੀ ਠੇਕੇ ਵਾਲੀ ਜ਼ਮੀਨ ਨਾਲ ਲਗਦੇ ਛੱਪੜ ਨੂੰ ਕਿਸੇ ਸ਼ਰਾਰਤੀ ਵੱਲੋਂ ਤੋੜ ਦਿੱਤਾ ਗਿਆ ਜਿਸ ਦਾ ਸਾਰਾ ਪਾਣੀ ਸਾਡੀ ਜ਼ਮੀਨ ਵਿਚ ਆ ਗਿਆ ਅਤੇ ਸਾਡੀ 6 ਏਕੜ ਝੋਨੇ ਦੀ ਫਸਲ ਪੂਰੀ ਤਰਾਂ ਬਰਬਾਦ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਉਹ ਇਸ ਮੌਕੇ ਪਿੰਡ ਦੀ ਪੰਚਾਇਤ ਦੇ ਮੁਖੀ ਕੋਲ ਗਏ ਸਨ ਜਿਨ੍ਹਾਂ ਛੱਪੜ ਦੇ ਉਸ ਟੁੱਟੇ ਹੋਏ ਕਿਨਾਰੇ ਨੂੰ ਜੇ ਸੀ ਬੀ ਭੇਜ ਕੇ ਮਿੱਟੀ ਪਵਾ ਦੇਣ ਦਾ ਭਰੋਸਾ ਦਿੱਤਾ ਸੀ ਪਰ ਕਾਫੀ ਸਮੇਂ ਉਨ੍ਹਾਂ ਦੀ ਉਡੀਕ ਕਰਨ 'ਤੇ ਵੀ ਕੋਈ ਮਿੱਟੀ ਪਾਉਣ ਨਹੀਂ ਆਇਆ ਤਾਂ ਉਨ੍ਹਾਂ ਆਪ ਹੀ ਮਿੱਟੀ ਦੇ ਤੋੜੇ ਭਰ ਕੇ ਛੱਪੜ 'ਚ ਪਿਆ ਪਾੜ ਬੰਦ ਕੀਤਾ। ਸੁਰਜੀਤ ਸਿੰਘ ਨੇ ਕਿਹਾ ਕੇ ਜੇਕਰ ਸਰਕਾਰ ਅਤੇ ਪੰਚਾਇਤ ਨੇ ਛੱਪੜ ਦੀ ਖਲਾਈ ਕਰਵਾ ਕੇ ਇਸ ਦੇ ਕਿਨਾਰੇ ਚੰਗੀ ਤਰ੍ਹਾਂ ਮਜ਼ਬੂਤੀ ਨਾਲ ਬਣਾਏ ਹੁੰਦੇ ਤਾਂ ਅੱਜ ਸਾਡਾ ਇਹ ਨੁਕਸਾਨ ਨਾ ਹੋਇਆ ਹੁੰਦਾ ।ਉਨ੍ਹਾਂ ਸਰਕਾਰ ਕੋਲ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਜ਼ਮੀਨ ਦਾ ਮੌਕਾ ਵੇਖ ਕੇ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਜਿਸ ਸ਼ਰਾਰਤੀ ਨੇ ਛੱਪੜ ਤੋੜਿਆ ਹੈ ਉਸ ਖਿਲਾਫ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ । ਇਸ ਸਬੰਧੀ ਸਰਪੰਚ ਸੁਨੈਨਾ ਚੋਪੜਾ ਦੇ ਪਤੀ ਨਾਲ ਗੱਲਬਾਤ ਕਰਨ 'ਤੇ ਉਨ੍ਹਾਂ ਕਿਹਾ ਕਿ ਪੰਚਾਇਤ ਵੱਲੋਂ ਟਰੈਕਟਰ ਨਾਲ ਪੰਪ ਲਗਾ ਕੇ ਛੱਪੜ ਦਾ ਪਾਣੀ ਪਾਈਪਾਂ ਰਾਹੀਂ ਸੂਏ ਵਿਚ ਪਾਇਆ ਗਿਆ ਸੀ ਪਰ ਘਰਾਂ ਦੇ ਪਾਣੀ ਨਾਲ ਛੱਪੜ ਫਿਰ ਭਰ ਗਿਆ ਹੈ। ਉਨ੍ਹਾਂ ਕਿਹਾ ਸਰਕਾਰ ਵੱਲੋਂ ਗਰਾਂਟ ਮਿਲਣ 'ਤੇ ਛੱਪੜ ਦੀ ਖਲਾਈ ਵੀ ਕਰਵਾਈ ਜਾਵੇਗੀ ।

ਸ੍ਰੀ ਹੇਮਕੁੰਟ ਸਾਹਿਬ ਲੰਗਰ ਸੇਵਾ ਸੋਸਾਇਟੀ ਦਾ ਤੀਜਾ ਜਥਾ ਅਜਨਾਲਾ ਤੋਂ ਰਵਾਨਾ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਸਿੱਖ ਗੁਰਧਾਮ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਲਈ ਆਉਣ-ਜਾਣ ਵਾਲੀਆਂ ਸ਼ਰਧਾਲੂ ਸੰਗਤਾਂ ਲਈ ਰਿਸ਼ੀਕੇਸ਼ ਤੋਂ 80 ਕਿਲੋਮੀਟਰ ਅੱਗੇ ਮੂਲੇ ਗਾਉਂ ਵਿਖੇ ਅਜਨਾਲਾ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਹੇਮਕੁੰਟ ਸਾਹਿਬ ਲੰਗਰ ਸੇਵਾ ਸੋਸਾਇਟੀ ਅਜਨਾਲਾ ਵੱਲੋਂ 22 ਮਈ ਤੋਂ ਨਿਰੰਤਰ ਚੱਲ ਰਹੇ ਗੁਰੂ ਦੇ ਅਤੁੱਟ ਲੰਗਰ ਦੇ ਸੇਵਾ ਕਾਰਜਾਂ ਅਤੇ ਉਕਤ ਗੁਰਧਾਮ ਸਥਾਨ ਦੇ ਦਰਸ਼ਨਾਂ ਲਈ ਗੁਰਦੁਆਰਾ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਅਜਨਾਲਾ ਵਿਖੇ ਬਾਬਾ ਮਹਿੰਦਰ ਸਿੰਘ ਸੂਰੇਪੁਰ ਦੀ ਅਗਵਾਈ 'ਚ ਜਾਣ ਵਾਲੀਆਂ ਸ਼ਰਧਾਲੂ ਸੰਗਤਾਂ ਵੱਲੋਂ ਸਫ਼ਰ ਦੌਰਾਨ ਚੜ੍ਹਦੀ ਕਲਾ ਤੇ ਵਾਹਿਗੁਰੂ ਦਾ ਓਟ ਆਸਰਾ ਲੈਣ ਲਈ ਅਰਦਾਸ ਕਰਨ ਉਪਰੰਤ ਸ਼ਰਧਾਲੂ ਸੇਵਾਦਾਰਾਂ ਦੇ ਤੀਜੇ ਜਥੇ ਨੂੰ ਉਕਤ ਜਥੇਬੰਦੀ ਦੇ ਪ੍ਰਧਾਨ ਸਰਵਣ ਸਿੰਘ ਨੇਪਾਲ, ਸਰਪ੍ਰਸਤ ਅਮਰਜੀਤ ਸਿੰਘ ਬਾਜਵਾ, ਸਾਬਕਾ ਕੌਂਸਲਰ ਬਲਜਿੰਦਰ ਸਿੰਘ ਮਾਹਲ, ਰਸ਼ਪਾਲ ਸਿੰਘ ਕੋਟਲਾ, ਖਜ਼ਾਨਚੀ ਵਿਜੇ ਅਰੋੜਾ, ਸੁਖਤਿੰਦਰ ਸਿੰਘ ਰਾਜੂ ਨੇ ਸਿਰਪਾਓ ਦੇ ਕੇ ਜੈਕਾਰਿਆਂ ਗੂੰਜ 'ਚ ਜਥੇ ਨੂੰ ਰਵਾਨਾ ਕੀਤਾ।

ਇਸ ਮੌਕੇ ਜਥੇਬੰਦੀ ਦੇ ਉਪ ਸਰਪ੍ਰਸਤ ਜਸਬੀਰ ਸਿੰਘ ਢਿੱਲੋਂ, ਸੇਵਾਦਾਰ ਡਾ. ਦਲਬੀਰ ਸਿੰਘ ਨਿੱਜਰ, ਪਰਮਜੀਤ ਸਿੰਘ ਪੰਮਾ, ਬਾਬਾ ਬਲਬੀਰ ਸਿੰਘ ਚੱਕ ਡੋਗਰਾ, ਬਾਊ ਸਿੰਘ ਸਾਰੰਗਦੇਵ, ਬੂੜ ਸਿੰਘ ਭੱਖਾ, ਗੁਰਪ੍ਰੀਤ ਸਿੰਘ, ਸੁਖਰਾਜ ਸਿੰਘ, ਬੀਬੀ ਮਨਪ੍ਰੀਤ ਕੌਰ, ਬੀਬੀ ਸਤਨਾਮ ਕੌਰ, ਬੀਬੀ ਪ੍ਰਕਾਸ਼ ਕੌਰ, ਬੀਬੀ ਪ੍ਰੀਤਮ ਕੌਰ ਆਦਿ ਹਾਜ਼ਰ ਸਨ ।

ਨਗਰ ਪਾਲਿਕਾ ਕਰਮਚਾਰੀ ਤੇ ਸਫਾਈ ਸੇਵਕ ਯੂਨੀਅਨ ਵੱਲੋਂ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਨਗਰ ਕੌਂਸਲ ਤਰਨ ਤਾਰਨ ਸਫਾਈ ਸੇਵਕ ਅਤੇ ਸੀਵਰਮੈਨ ਵੱਲੋਂ ਹੜਤਾਲ ਕੀਤੀ ਗਈ ਜਿਸ ਵਿਚ ਸਾਰੇ ਕਰਮਚਾਰੀ ਹਾਜਰ ਹੋਏ। ਪ੍ਰਧਾਨਗੀ ਪ੍ਰਧਾਨ ਰਮੇਸ਼ ਕੁਮਾਰ ਸੇਰ ਗਿੱਲ ਦੀ ਅਗਵਾਈ ਹੇਠ ਕੀਤੀ ਗਈ ਜਿਸ ਵਿਚ ਉਨ੍ਹਾ ਦੱਸਿਆ ਕਿ ਸਾਡੀਆਂ ਮੰਗਾ ਨਾ ਮੰਨਣ ਕਰਕੇ ਹੜਤਾਲ ਕੀਤੀ ਗਈ। ਸਾਡੇ ਕੋਲੋਂ ਬਹੁਤ ਵਾਰ ਲਿਖਤੀ ਰੂਪ ਵਿਚ ਲਿਖ ਦਿੱਤਾ ਗਿਆ ਪਰ ਸਾਡੀਆਂ ਬਣਦੀਆਂ ਮੰਗਾਂ ਨੂੰ ਪੂਰਾ ਨਹੀਂ ਕੀਤਾ ਗਿਆ। ਕਾਰਜ ਸਾਧਕ ਅਫਸਰ ਕਮਲਜੀਤ ਸਿੰਘ ਨੇ ਮੰਗਾਂ ਨੂੰ ਮੰਨਦਿਆਂ ਵਿਸ਼ਵਾਸ ਦਿੱਤਾ ਕਿ ਮੁਲਾਜ਼ਮਾਂ ਦੇ ਖਾਤੇ ਵਿਚ ਜਿਹੜਾ ਪੀ.ਐਫ ਜਮ੍ਹਾਂ ਨਹੀਂ ਕਰਵਾਇਆ ਗਿਆ ਉਹ ਜਮ੍ਹਾਂ ਕਰਵਾਇਆ ਜਾਵੇ ਅਤੇ ਹਾਊਸ ਟੈਕਸ ਦਾ 2 % ਹਾਊਸ ਟੈਕਸ ਦਾ ਬਕਾਇਆ ਦਿੱਤਾ ਜਾਵੇਗਾ ਅਤੇ ਤਰਸ ਦੇ ਆਧਾਰ 'ਤੇ ਜਲਦੀ ਹੀ ਨੌਕਰੀਆਂ ਦਿੱਤੀਆਂ ਜਾਣਗੀਆਂ ਅਤੇ ਇਨਕਰੀਮੈਂਟ ਜਿਨ੍ਹਾਂ ਦੀ ਲੱਗਣ ਵਾਲੀ ਹੈ ਉਹ ਲਗਾ ਦਿੱਤੀਆਂ ਜਾਣਗੀਆਂ ਅਤੇ ਸ਼ਹਿਰ ਦੀਆਂ ਬੀਟਾਂ ਅਨੁਸਾਰ ਮੁਲਾਜ਼ਮਾਂ ਤੋਂ ਕੰਮ ਲਿਆ ਜਾਵੇਗਾ ਅਤੇ ਜਿਹੜਾ ਪੇ ਕਮਿਸ਼ਨ ਦਾ 7 ਮਹੀਨੇ ਦਾ ਬਕਾਇਆ ਰਹਿੰਦਾ ਹੈ ਉਹ ਦਿੱਤਾ ਜਾਵੇਗਾ ਤੇ ਵਿਸ਼ਵਾਸ ਦਿਵਾਇਆ ਕਿ ਸਾਰੀਆਂ ਮੰਗਾਂ ਪੂਰੀਆਂ ਕੀਤੀਆ ਜਾਣਗੀਆਂ। ਕਾਰਜ ਸਾਧਕ ਅਫਸਰ ਦੇ ਵਿਸ਼ਵਾਸ ਦਿਵਾਉਣ 'ਤੇ ਹੜਤਾਲ 15 ਦਿਨਾਂ ਲਈ ਮੁਲਤਵੀ ਕਰ ਦਿੱਤੀ ਗਈ। ਰਮੇਸ਼ ਕੁਮਾਰ ਸ਼ੇਰਗਿੱਲ ਨੇ ਕਿਹਾ ਕਿ ਜੇਕਰ ਸਾਡੀਆਂ ਮੰਗਾਂ ਨਾ ਮੰਨੀਆਂ ਤਾਂ 15 ਦਿਨਾਂ ਬਾਅਦ ਫਿਰ ਹੜਤਾਲ ਕੀਤੀ ਜਾਵੇਗੀ। ਇਸ ਮੌਕੇ ਸੁਰਜੀਤ ਕੁਮਾਰ, ਸਤਨਾਮ ਸਿੰਘ, ਅਜੀਤ ਸਿੰਘ, ਨਿੰਦੀ ਚੰਨਾ, ਪਵਨ ਕੁਮਾਰ, ਬਿੱਲਾ ਕੁਲਵੰਤ, ਬਲਵਿੰਦਰ ਸਿੰਘ, ਤਿਲਕ ਰਾਜ, ਮੰਨੀ, ਲਛਮਣ, ਬਬਲੀ, ਰਾਜ ਰਾਣੀ, ਸੰਤੋਸ਼, ਰਾਜ ਕੁਮਾਰੀ ਸਲਮਾ, ਕਾਲਾ ਰਾਮ, ਧਰਮ ਸਿੰਘ, ਮਨਜੀਤ ਸਿੰਘ ਦਰਜਾ ਚਾਰ ਯੂਨੀਅਨ ਪ੍ਰਧਾਨ ਅਤੇ ਸੁਖਵਿੰਦਰ ਸਿੰਘ ਬੱਲਾ ਆਦਿ ਹਾਜ਼ਰ ਸਨ।

ਨਸ਼ਾ ਵਿਰੋਧੀ ਤੇ ਟਰੈਫਿਕ ਨਿਯਮਾ

30-Jun-PAGE- 12 qxd.qxd 6/29/2023 10:24 PM Page 1

ਕਸ਼ਮੀਰ ਸਿੰਘ ਗਦਾਈਆ 'ਤੇ ਕਾਤਲਾਨਾ ਹਮਲਾ ਬਹੁਤ ਹੀ ਨਿੰਦਣਯੋਗ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ) : ਪਿਛਲੇ ਦਿਨੀਂ ਨਾਭਾ ਦੇ ਸੁਖੇਵਾਲ ਦੀ ਮਹਿਲਾ ਸਰਪੰਚ ਦੇ ਪਤੀ ਵੱਲੋਂ ਸ਼ਰਾਰਤੀ ਗੁੰਡਿਆਂ ਦੀ ਮਦਦ ਨਾਲ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ 'ਤੇ ਕਾਤਲਾਨਾ ਹਮਲਾ ਕੀਤਾ ਗਿਆ ਜੋ ਬਹੁਤ ਹੀ ਨਿੰਦਣਯੋਗ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਨਰਿੰਦਰ ਸਿੰਘ ਸੋਨੀਆ ਸਰਪ੍ਰਸਤ ਸਾਹਿਤ ਸਭਾ ਸੁਲਤਾਨਪੁਰ ਲੋਧੀ, ਰਛਪਾਲ ਸਿੰਘ ਸੂਬਾ ਸਕੱਤਰ ਕਿਰਤੀ ਕਿਸਾਨ ਯੂਨੀਅਨ, ਰਜਿੰਦਰ ਸਿੰਘ ਰਾਣਾ ਸੰਯੁਕਤ ਕਿਸਾਨ ਮੋਰਚਾ ਆਦਿ ਨੇ ਸਾਂਝੇ ਤੌਰ 'ਤੇ ਪੱਤਰਕਾਰਾ ਨੂੰ ਕਹੇ ਉਹਨਾਂ ਕਿਹਾ ਕਿ ਹਮਲਾ ਕਰਨ ਵਾਲੇ ਸਰਪੰਚ ਦੇ ਪਤੀ ਅਤੇ ਹੋਰਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਨਾਲ ਹੀ ਬੋਲੇ ਜਾਤੀ ਸੂਚਕ ਸ਼ਬਦਾਂ ਲਈ ਐੱਸ ਸੀ/ ਐੱਸ ਟੀ ਐਕਟ ਤਹਿਤ ਤੁਰੰਤ ਪਰਚਾ ਦਰਜ ਕੀਤਾ ਜਾਵੇ। ਇਸ ਮੌਕੇ ਰਜਿੰਦਰ ਸਿੰਘ ਰਾਣਾ ਅਤੇ ਮਾਸਟਰ ਚਰਨ ਸਿੰਘ ਹੈਬਤਪੁਰ ਨੇ ਦੱਸਿਆ ਕਿ ਪਿੰਡ ਸੁੱਖੇਵਾਲਾ ਦੇ ਸਰਪੰਚ ਦੇ ਪਤੀ ਅਤੇ ਕੁਝ ਹੋਰ ਵਿਅਕਤੀਆਂ ਵੱਲੋਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਪੰਜਾਬ ਪ੍ਰਧਾਨ ਕਸ਼ਮੀਰ ਸਿੰਘ ਉਪਰ ਪਿੰਡ ਦੀ ਸਰਪੰਚ (ਇਸਤਰੀ) ਦੇ ਪਤੀ ਨੇ ਕੁਝ ਵਿਅਕਤੀਆਂ ਸਮੇਤ ਗਿਣੀਮਿਥੀ ਸਾਜ਼ਿਸ਼ ਨਾਲ ਹਮਲਾ ਕੀਤਾ, ਜਾਤੀ ਸੂਚਕ ਗਾਲ੍ਹਾਂ ਕੱਢੀਆਂ, ਕੁੱਟਮਾਰ ਕੀਤੀ ਤੇ ਮੋਬਾਇਲ ਖੋਹ ਲਿਆ। ਗੁਰਦੁਆਰਾ ਸਾਹਿਬ ਵਿੱਚ ਬੰਦੀ ਬਣਾਇਆ ਗਿਆ।

ਉਪਰੋਕਤ ਆਗੂਆਂ ਨੇ ਪੁਲਸ ਪ੍ਰਸ਼ਾਸਨ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਹਮਲਾਵਰਾਂ 'ਤੇ ਫੌਰੀ ਕਾਰਵਾਈ ਕੀਤੀ ਜਾਵੇ। ਗੁਰਦੁਆਰਾ ਸਾਹਿਬ ਦੇ ਕੈਮਰਿਆਂ ਦੀ ਫੁਟੇਜ ਪੜਤਾਲੀ ਜਾਵੇ ਤੇ ਬਣਦੀਆਂ ਧਾਰਾਵਾਂ ਨਾਲ ਪਰਚਾ ਦਰਜ ਹੋਵੇ। ਆਗੂਆਂ ਨੇ ਕਿਹਾ ਕਿ ਜੇਕਰ ਪ੍ਰਸ਼ਾਸਨ ਕਿਸੇ ਵੀ ਤਰ੍ਹਾਂ ਦੀ ਢਿੱਲ ਦਿਖਾਉਂਦਾ ਹੈ ਤਾਂ ਇਸ ਵਿਰੁੱਧ ਸਾਰੇ ਪੰਜਾਬ 'ਚ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਤ੍ਰਿਲੋਕ ਸਿੰਘ ਭਧਿਆਣਾ ਜਰਨਲ ਸਕੱਤਰ, ਜਸਵੰਤ ਸਿੰਘ ਕਰਮਜੀਤ ਪੁਰ, ਸਰਵਨ ਸਿੰਘ ਪ੍ਰਧਾਨ ਕੁਲ ਹਿੰਦ ਕਿਸਾਨ ਸਭਾ ਸੁਲਤਾਨਪੁਰ ਲੋਧੀ, ਮਹਿੰਦਰ ਸਿੰਘ ਮੋਖੇ, ਮਾਸਟਰ ਸੁੱਚਾ ਸਿੰਘ ਮਿਰਜਾ ਪੁਰ, ਮੁਕੰਦ ਸਿੰਘ, ਅਮਰਜੀਤ ਸਿੰਘ ਟਿੱਬਾ, ਸੁਖਵਿੰਦਰ ਸਿੰਘ ਸ਼ਹਿਰੀ, ਜਸਜੀਤ ਸਿੰਘ, ਰਘਬੀਰ ਸਿੰਘ ਮਹਿਰਵਾਲਾ ਆਦਿ ਹਾਜ਼ਰ ਸਨ।

ਅਫ਼ਸਰਸ਼ਾਹੀ ਅਤੇ ਧਨਾਢਾਂ ਦਾ ਗੱਠਜੋੜ ਮਜ਼ਦੂਰ ਆਗੂਆਂ ਨੂੰ ਡਰਾਉਣਾ ਚਾਹੁੰਦੈ: ਗੋਰੀਆ, ਸਰਹਾਲੀ ਕਲਾਂ

ਸ਼ਾਹਕੋਟ, (ਗਿਆਨ ਸੈਦਪੁਰੀ)-ਭਾਰਤੀ ਖੇਤ ਮਜ਼ਦੂਰ ਯੂਨੀਅਨ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਨੇ ਆਪਣੀ ਭਰਾਤਰੀ ਜਥੇਬੰਦੀ ਨਰੇਗਾ ਰੁਜ਼ਗਾਰ ਪ੍ਰਾਪਤੀ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਨਾਲ ਹੋਈ ਬਦਸਲੂਕੀ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਾਹਲੀ ਕਲਾਂ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਭ੍ਰਿਸ਼ਟ ਅਫ਼ਸਰਸ਼ਾਹੀ ਅਤੇ ਪੇਂਡੂ ਧਨਾਢਾਂ ਦਾ ਨਾਪਾਕ ਗੱਠਜੋੜ ਮਜ਼ਦੂਰ ਆਗੂਆਂ ਨੂੰ ਡਰਾਉਣਾ ਚਾਹੁੰਦਾ ਹੈ। ਹੋਸ਼ੇ ਹੱਥਕੰਡਿਆ ਨਾਲ ਮਜ਼ਦੂਰ ਆਗੂ ਹੱਕੀ ਮੰਗਾਂ ਤੋਂ ਪਿੱਛੇ ਹਟ ਜਾਣਗੇ, ਇਹ ਇੱਕ ਭਰਮ ਤੋਂ ਵੱਧ ਕੁਝ ਨਹੀਂ ਹੈ। ਮਜ਼ਦੂਰ ਵਰਗ ਦੇ ਹੱਕਾਂ ਲਈ ਮਜ਼ਦੂਰ ਹਿੱਕਾਂ ਤਾਣ ਕੇ ਡਟੇ ਰਹਿਣਗੇ। ਕਾਮਰੇਡ ਗੋਰੀਆ ਅਤੇ ਕਾਮਰੇਡ ਸਰਾਹਲੀ ਕਲਾਂ ਨੇ ਮੰਗ ਕੀਤੀ ਹੈ ਕਿ ਪਿੰਡ ਸੁੱਖੇਵਾਲ (ਨਾਭਾ) ਦੇ ਸਰਪੰਚ ਦੇ ਪਤੀ ਅਤੇ ਗੁਸਤਾਖੀ ਕਰਨ ਵਾਲੇ ਹੋਰ ਲੋਕਾਂ ਨੂੰ ਸਜ਼ਾ ਦਿੱਤੀ ਜਾਵੇ ਤਾਂ ਕਿ ਅੱਗੇ ਤੋਂ ਹੋਰ ਕੋਈ ਅਜਿਹੀ ਹਰਕਤ ਨਾ ਕਰੇ।

ਅੰਜਲੀ ਕੁਮਾਰੀ ਨੇ ਇਟਲੀ 'ਚ ਲਹਿਰਾਇਆ ਪਰਚਮ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਅੱਜ ਦੀਆਂ ਧੀਆਂ ਵੀ ਪੁੱਤਰਾਂ ਤੋਂ ਘੱਟ ਨਹੀਂ ਹਨ ਇਹ ਕਹਾਵਤ ਉਸ ਵਕਤ ਸੱਚ ਹੋ ਗਈ ਜਦੋਂ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪੁਰਾਣਾ ਟਾਂਡਾ ਰੋਡ, ਨਿਊ ਸ਼ਾਸਤਰੀ ਨਗਰ ਦੇ ਵਸਨੀਕ ਜੋਗਿੰਦਰ ਪਾਲ ਅਤੇ ਮਰਹੂਮ ਜਨਕ ਰਾਣੀ ਦੀ ਪੋਤੀ ਅਤੇ ਪਿਤਾ ਪ੍ਰਦੀਪ ਕੁਮਾਰ ਤੇ ਮਾਤਾ ਸੁਨੀਤਾ ਰਾਣੀ ਨੇ ਹਾਲ ਹੀ ਵਿੱਚ ਇਟਲੀ ਦੀ ਰਹਿਣ ਵਾਲੀ ਧੀ ਅੰਜਲੀ ਨੇ ਇਟਲੀ ਵਿੱਚ ਏਅਰਪੋਰਟ ਚੈਕਿੰਗ ਅਫਸਰ ਬਣ ਕੇ ਇਤਿਹਾਸ ਰਚਿਆ ਹੈ। ਉਸ ਦੇ ਪਿਤਾ ਨੇ ਦੱਸਿਆ ਕਿ ਜਦੋਂ ਉਹ ਹੁਸ਼ਿਆਰਪੁਰ ਤੋਂ ਇਟਲੀ ਗਈ ਸੀ ਤਾਂ ਉਸ ਨੇ ਆਪਣੀ ਬਾਕੀ ਦੀ ਪੜ੍ਹਾਈ ਉੱਥੇ ਹੀ ਪੂਰੀ ਕੀਤੀ ਅਤੇ ਇਸ ਦੇ ਨਾਲ ਹੀ ਏਅਰਪੋਰਟ ਗਰਾਊਂਡ ਸਟਾਫ ਦਾ 3 ਸਾਲ ਦਾ ਕੋਰਸ ਕਰਨ ਤੋਂ ਬਾਅਦ ਉਹ ਇਟਲੀ ਦੇ ਪਾਰਮਾ ਏਅਰਪੋਰਟ 'ਤੇ ਚੈਕਿੰਗ ਅਫਸਰ ਵਜੋਂ ਤਾਇਨਾਤ ਹੋ ਗਈ। ਇਸ ਤਰ੍ਹਾਂ ਉਸ ਨੇ ਆਪਣੇ ਪਿਤਾ ਪ੍ਰਦੀਪ ਕੁਮਾਰ ਅਤੇ ਮਾਤਾ ਸੁਨੀਤਾ ਰਾਣੀ ਦੇ ਨਾਲ ਨਾਲ ਆਪਣੇ ਸ਼ਹਿਰ ਹੁਸ਼ਿਆਰਪੁਰ ਦਾ ਨਾਂ ਰੋਸ਼ਨ ਕੀਤਾ ਹੈ। ਹੁਸ਼ਿਆਰਪੁਰ ਨਿਊ ਸ਼ਾਸਤਰੀ ਨਗਰ ਇਲਾਕੇ 'ਚ ਉਨ੍ਹਾਂ ਦੇ ਘਰ 'ਚ ਅੱਜ ਇਸ ਬੇਟੀ ਦੀ ਕਾਮਯਾਬੀ ਕਾਰਨ ਵਿਆਹ ਵਰਗਾ ਮਾਹੌਲ ਬਣਾ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਟਲੀ ਤੋਂ ਹੁਸ਼ਿਆਰਪੁਰ ਆਈ ਅੰਜਲੀ ਦੀ ਮਾਤਾ ਸੁਨੀਤਾ ਰਾਣੀ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀ ਸੀ। ਫ਼ੋਨ 'ਤੇ ਗੱਲ ਕਰਦਿਆਂ ਅੰਜਲੀ ਨੇ ਦੱਸਿਆ ਕਿ ਜ਼ਿੰਦਗੀ ਦੀ ਅਸਲ ਉਡਾਣ ਅਜੇ ਬਾਕੀ ਹੈ, ਅਜੇ ਤਾਂ ਅਸੀਂ ਸਿਰਫ਼ ਇੱਕ ਮੁੱਠੀ ਭਰ ਜ਼ਮੀਨ ਮਾਪੀ ਹੈ, ਪੂਰਾ ਅਸਮਾਨ ਬਾਕੀ ਹੈ.. ਜ਼ਿੰਦਗੀ ਦੇ ਕਈ ਇਮਤਿਹਾਨ ਆਉਣੇ ਬਾਕੀ ਹਨ, ਉਹ ਅਜੇ ਵੀ ਹੈ ਹੋਰ ਉੱਚੇ ਅਹੁਦੇ ਤਕ ਪਹੁੰਚਣ ਦੀ ਇੱਛਾ ਅਜੇ ਵੀ ਉਸ ਦੇ ਦਿਲ ਵਿਚ ਅਜੇ ਬਾਕੀ ਹੈ।

ਲੋੜਵੰਦ ਲੋਕਾਂ ਦੇ ਕੱਟੇ ਨੀਲੇ ਕਾਰਡ ਬਹਾਲ ਕਰੋ : ਮੱਟੂ

ਮਾਹਿਲਪੁਰ (ਸਫਰੀ)—ਪਿੰਡ ਸਲਾਹ ਪੁਰ, ਪਾਹਲੇਵਾਲ ਵਿੱਚ ਗਰੀਬ ਲੋਕਾਂ ਦੇ ਨੀਲੇ ਰਾਸ਼ਨ ਕਾਰਡ ਬਹਾਲ ਕਰਵਾਉਣ ਲਈ ਵਿਸ਼ਾਲ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਨੂੰ ਕਾਮਰੇਡ ਦਰਸ਼ਨ ਸਿੰਘ ਮੱਟੂ ਸੂਬਾ ਕਮੇਟੀ ਮੈਂਬਰ, ਸੁਭਾਸ਼ ਮੱਟੂ ਸੂਬਾ ਕਮੇਟੀ ਮੈਂਬਰ ਸੀ ਪੀ ਆਈ ਐਮ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਿਨਾਂ ਇਨਕੁਆਰੀ ਤੋਂ ਪੰਜਾਬ ਸਰਕਾਰ ਦੀ ਹਦਾਇਤ 'ਤੇ ਗਰੀਬ ਲੋਕਾਂ ਦੇ ਨੀਲੇ ਕਾਰਡਾਂ 'ਤੇ ਲਕੀਰ ਮਾਰ ਦਿੱਤੀ ਗਈ। ਦੋਨਾਂ ਬੁਲਾਰਿਆਂ ਨੇ ਕਿਹਾ ਕਿ ਅਸੀਂ ਕੇਰਲਾ ਪੈਟਰਨ ਤੇ 14 ਵਸਤਾਂ ਅੱਧੇ ਭਾਅ 'ਤੇ ਜਨਤਕ ਵੰਡ ਪ੍ਰਣਾਲੀ ਰਾਹੀਂ ਦੇਣ ਦੀ ਮੰਗ ਕਰਦੇ ਹਾਂ,ਗ਼ਰੀਬਾਂ ਦੇ ਕੱਟੇ ਨੀਲ ਕਾਰਡ ਤੁਰੰਤ ਬਹਾਲ ਕੀਤੇ ਜਾਣ। ਬੀਬੀ ਸੁਰਿੰਦਰ ਕੌਰ ਚੁੰਬਰ ਬਲਾਕ ਸੰਮਤੀ ਮੈਂਬਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕ 30 ਜੂਨ ਨੂੰ ਸਵੇਰੇ 10 ਵਜੇ ਮੇਨ ਬੱਸ ਸਟੈਂਡ ਗੜਸ਼ੰਕਰ ਸ਼ਹੀਦ ਭਗਤ ਸਿੰਘ ਦੇ ਸਮਾਰਕ ਗੜਸ਼ੰਕਰ ਪਹੁੰਚਣ। ਇਸ ਮੌਕੇ ਪਰੇਮ ਸਿੰਘ ਰਾਨਾ ਸਾਬਕਾ ਸਰਪੰਚ, ਸੰਤੋਖ ਸਿੰਘ, ਸਨੇਤਾ ਦੇਵੀ ਪੰਚਾਇਤ ਮੈਂਬਰ, ਗੁਰਮੀਤ ਸਾਬਕ ਪੰਚ,ਜਸਵਿੰਦਰ ਸਿੰਘ, ਸੋਹਣ ਲਾਲ ਕਸ਼ਮੀਰ ਕੌਰ, ਜਸਵੀਰ ਕੌਰ, ਜਗੀਰ ਕੌਰ,ਚਰਨਜੀਤ ਦੇਵੀ,ਗੁਰਮੀਤ ਕੌਰ,ਜੋਗਿੰਦਰ ਰਾਮ,ਬਲਵੰਤ ਸਿੰਘ, ਪਰੇਮ ਨਾਥ,ਸੋਹਣ ਲਾਲ,ਸ਼ੰਕਰ ਦਾਸ,ਬਲਵੰਤ ਸਿੰਘ ਬੱਬਲੀ,ਸੁਮਨ ਦੇਵੀ,ਨੀਲਮ ਕੁਮਾਰੀ, ਸੰਦੀਪ ਕੌਰ ਸ਼ਪਿੰਦਰ ਕੌਰ,ਪ੍ਰੇਮ ਸਿੰਘ ਆਦਿ ਹਾਜਰ ਸੀ।

ਯੂਨੀਫਾਰਮ ਸਿਵਲ ਕੋਡ ਸਾਰੇ ਲੋਕਾਂ ਦੀ ਸਹਿਮਤੀ ਨਾਲ ਲਾਗੂ ਹੋਣਾ ਚਾਹੀਦਾ - ਕੰਗ

ਚੰਡੀਗੜ੍ਹ (ਗੁਰਜੀਤ ਬਿੱਲਾ)-ਆਮ ਆਦਮੀ ਪਾਰਟੀ ਨੇ ਯੂਨੀਫਾਰਮ ਸਿਵਲ ਕੋਡ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਪਾਰਟੀ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 44 ਇਕਸਾਰ ਸਿਵਲ ਕੋਡ ਦੀ ਵਿਵਸਥਾ ਕਰਦੀ ਹੈ। ਇਸ ਲਈ ਅਸੀਂ ਸਿਧਾਂਤਕ ਤੌਰ"ਤੇ ਇਸਦਾ ਸਮਰਥਨ ਕਰਦੇ ਹਾਂ। ਆਮ ਆਦਮੀ ਪਾਰਟੀ ਦੇ ਰਾਸਟਰੀ ਸੰਗਠਨ ਦੇ ਜਨਰਲ ਸਕੱਤਰ ਡਾ. ਸੰਦੀਪ ਪਾਠਕ ਵੱਲੋਂ ਇਸ ਮੁੱਦੇ 'ਤੇ ਪਾਰਟੀ ਦਾ ਸਟੈਂਡ ਸਪੱਸ਼ਟ ਕਰਨ ਤੋਂ ਬਾਅਦ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਦੇਸ਼ 'ਚ ਸਾਰੇ ਧਰਮਾਂ ਦੇ ਲੋਕ ਰਹਿੰਦੇ ਹਨ ਅਤੇ ਸਾਰੇ ਧਰਮਾਂ ਦੇ ਵੱਖ-ਵੱਖ ਧਾਰਮਿਕ ਰੀਤੀ-ਰਿਵਾਜ ਅਤੇ ਕਾਨੂੰਨ ਹਨ। ਇਸ ਲਈ ਕੇਂਦਰ ਸਰਕਾਰ ਨੂੰ ਸਾਰੇ ਧਰਮਾਂ ਅਤੇ ਰਾਜਾਂ ਦੇ ਨੁਮਾਇੰਦਿਆਂ ਦੀ ਰਾਇ ਲੈ ਕੇ ਹੀ ਯੂਨੀਫਾਰਮ ਸਿਵਲ ਕੋਡ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਯੂਨੀਫਾਰਮ ਸਿਵਲ ਕੋਡ ਵਿੱਚ ਸਾਰੇ ਧਰਮਾਂ ਨੂੰ ਪੂਰਾ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ। ਆਨੰਦ ਕਾਰਜ ਐਕਟ ਅਤੇ ਦੂਜੇ ਧਰਮਾਂ ਦੇ ਧਾਰਮਿਕ ਰੀਤੀ-ਰਿਵਾਜਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਹਮੇਸ਼ਾ ਹੀ ਏਕਤਾ ਅਤੇ ਏਕਤਾ ਦੀ ਗੱਲ ਕਰਦੀ ਰਹੀ ਹੈ। ਅਸੀਂ ਚਾਹੁੰਦੇ ਹਾਂ ਕਿ ਸਾਰੇ ਧਰਮਾਂ ਨੂੰ ਬਰਾਬਰ ਅਧਿਕਾਰ ਅਤੇ ਨਿਆਂ ਮਿਲੇ। ਉਨ੍ਹਾਂ ਜ਼ਿਕਰ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਦਿੱਲੀ ਵਿੱਚ ਆਨੰਦ ਕਾਰਜ ਐਕਟ ਲਾਗੂ ਕਰ ਦਿੱਤਾ ਹੈ, ਉਹ ਦਿਨ ਦੂਰ ਨਹੀਂ ਜਦ ਪੰਜਾਬ ਵਿੱਚ ਵੀ ਇਹ ਐਕਟ ਜਲਦ ਲਾਗੂ ਹੋਵੇਗਾ।

ਸਰਕਾਰ ਸੀਨੀਅਰ ਸਿਟੀਜ਼ਨਾਂ ਦਾ ਘੁੱਟ ਰਹੀ ਹੈ ਗਲਾ-ਸੂਦ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)— ਸਾਬਕਾ ਕੈਬਨਿਟ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਤੀਕਸ਼ਨ ਸੂਦ, ਜ਼ਿਲ੍ਹਾ ਜਨਰਲ ਸਕੱਤਰ ਸੁਰੇਸ਼ ਭਾਟੀਆ ਬਿੱਟੂ, ਜ਼ਿਲ੍ਹਾ ਸਕੱਤਰ ਅਸ਼ਵਨੀ ਗੌਂਦ, ਯਸ਼ਪਾਲ ਸ਼ਰਮਾ ਵੱਲੋਂ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਵੱਲੋਂ ਸੀਨੀਅਰ ਸਿਟੀਜਨਾਂ ਦੀ ਪੈਨਸ਼ਨ ਕਟੌਤੀ ਭੱਦਾ ਮਜਾਕ ਹੈ। ਹਰ ਵਰਗ ਨੂੰ ਰਾਹਤ ਦੇਣ ਦੀ ਗਾਰੰਟੀ ਦੇਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਇਸ ਕਦਰ ਦੀਵਾਲਾ ਨਿਕਲ ਗਿਆ ਹੈ ਕਿ ਜੋ ਕਿ ਕੇਵਲ ਪੈਨਸ਼ਨ 'ਤੇ ਪੂਰੀ ਤਰ੍ਹਾਂ ਨਿਰਭਰ ਹੁੰਦੇ ਹਨ ਉਨ੍ਹਾਂ ਬਜ਼ੁਰਗਾਂ ਤੋਂ ਵੀ 200/- ਰੁਪਏ ਪ੍ਰਤੀ ਮਹੀਨਾ ਡਿਵੈੱਲਪਮੈਂਟ ਟੈਕਸ ਕੱਟ ਕੇ ਉਨ੍ਹਾਂ ਦਾ ਗਲਾ ਘੁੱਟਿਆ ਜਾ ਰਿਹਾ ਹੈ। ਸੂਦ ਨੇ ਕਿਹਾ ਕਿ ਵਿਸ਼ਵ ਭਰ ਦੀਆਂ ਸਰਕਾਰਾਂ ਸੀਨੀਅਰ ਸਿਟੀਜ਼ਨਾਂ ਦਾ ਧਿਆਨ ਰੱਖਦੀਆਂ ਹਨ ਅਤੇ ਉਨ੍ਹਾਂ ਨੂੰ ਕੋਈ ਨਾ ਕੋਈ ਸਹੂਲਤ ਪ੍ਰਦਾਨ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ, ਕਿਉਂਕਿ ਉਨ੍ਹਾਂ ਨੇ ਦੇਸ਼ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੁੰਦਾ ਹੈ। ਮਾਨ ਸਰਕਾਰ ਨੇ ਆਪਣੇ ਇਸ਼ਤਿਹਾਰਾਂ, ਆਪਣੀ ਸੁਰੱਖਿਆ ਅਤੇ ਹਵਾਈ ਯਾਤਰਾ ਆਦਿ ਦੇ ਖਰਚੇ ਨਾ ਘਟਾ ਕੇ ਮਾਨ ਸਰਕਾਰ ਸਾਰਾ ਬੋਝ ਸੀਨੀਅਰ ਸਿਟੀਜ਼ਨਾਂ 'ਤੇ ਪਾ ਰਹੀ ਹੈ।

THE JULLUNDUR CENTRAL CO- OPERATIVE BANK LIMITED, JALANDHAR

Balance Sheet As at 31st March, 2023

AUDITORS' REPORT

To
The Members
The Jullundur Central Co-Operative Bank Limited
Head Office
Jalandhar
Report on the Financial Statements

We have audited the accompanying financial statements of THE JULLUNDUR CENTRAL CO- OPERATIVE BANK LIMITED, which comprise the Balance Sheet as at March 31, 2023 and the Statement of Profit and Loss for the year then ended, and a summary of significant accounting policies and other explanatory information.

Management's Responsibility for the Financial Statements

The bank's management is responsible for the preparation of these financial statements that give a true and fair view of the financial position & financial performance in accordance with the Accounting Standards issued by ICAI and in accordance with the accounting principles generally accepted in India. This responsibility includes the design, implementation and maintenance of internal control relevant to the preparation and presentation of the financial statements that give a true and fair view and are free from material misstatement, whether due to fraud or error.

Auditor's Responsibility

Our responsibility is to express an opinion on these financial statements based on our audit. We conducted our audit in accordance with the Standards on Auditing issued by the Institute of Chartered Accountants of India. Those Standards require that we comply with ethical requirements and plan and perform the audit to obtain reasonable assurance about whether the financial statements are free from material misstatement.

An audit involves performing procedures to obtain audit evidence about the amounts and disclosures in the financial statements. The procedures selected depend on the auditor's judgment, including the assessment of the risks of material misstatement of the financial statements, whether due to fraud or error. In making those risk assessments, the auditor considers internal control relevant to the Company's preparation and fair presentation of the financial statements in order to design audit procedures that are appropriate in the circumstances. An audit also includes evaluating the appropriateness of accounting policies used and the reasonableness of the accounting estimates made by management, as well as evaluating the overall presentation of the financial statements. We believe that the audit evidence we have obtained is sufficient and appropriate to provide a basis for our audit opinion.

Opinion

In our opinion, and to the best of our information and according to the explanations given to us, the said accounts read with the Significant Accounting Policies and Notes thereon, give the information in the manner so required. We further report that the said accounts give a true and fair view in conformity with the accounting principles generally accepted in India:

a. In the case of Balance Sheet read with annexure of observations to this report, of the state of affairs of the company as at 31st March 2023
b. In the case of Profit and Loss Accountread with annexure of observations to this report, of the Profit/loss for the year ended on that date, and
c. In the case of Cash Flow Statement, of the cash flows for the year ended on that date.

Report on Regulatory Matters:-

On the basis of audit procedure indicated above and as required by Section 31 of the Banking Regulation Act, 1949 (as applicable to State and District Central Co-Operative Banks) and Subject to our comments in the Annexure we report that:-

a) We have obtained all the information and explanations, which to the best of our knowledge and belief were necessary for the purposes of our audit and have found them to be satisfactory
b) The transactions of the bank which have come to our notice have been within the competence of the bank.
c) In our opinion, proper books of account as required by Law have been kept by the bank so far, as appears from our examination of those books and proper returns adequate for the purpose of our audit have been received from the branches of the bank.
d) The Balance Sheet and Profit & Loss Account dealt with by this report are in agreement with the books of account and are drawn up in conformity with the law.
e) The financial statements are prepared on the basis of generally accepted accounting principles except some departures from accounting standards issued by the Institute of Chartered Accountants of India, as mentioned in annexure.

PLACE: JALANDHAR **FOR ParamBhushan& CO.**
DATE: 15-05-2023 **CHARTERED ACCOUNTANTS**

PARTNER
M.NO. 095400
UDIN:-23095400BGUMEB6388

THE JULLUNDUR CENTRAL COOPERATIVE BANK LIMITED
JALANDHAR
BALANCE SHEET as on 31st March 2023

Figures as on 31-03-2022		CAPITAL & LIABILITIES	Figures as on 31-03-2023	
	1	CAPITAL		
	i)	Authorised Capital		
150,000,000.00		15000 (Previous year -15000)Equity Shares of Rs. 10000 each	150,000,000.00	
	ii)	Issued,Subscribed Capital		
123,180,000.00		12318* share (Previous Year-12318)* of Rs. 10000 each	123,180,000.00	
	iii)	Called Up		
118,193,025.00		12318 Shares of Rs. 10000 called up and	118198025.00	
		on 682 Share Rs. 1838025 less		
		called up (682*10000=6820000-1838025=4981975)		
		(*Note :- The above no of shares included 100 shares of		
		State Govt)		
		Of (iii) above held by :-		
	a)	Individuals		
117,193,025.00	b)	Cooperative Institutions	117,198,025.00	
1,000,000.00	c)	State Government	1,000,000.00	118,198,025.00
	2	RESERVE FUND & OTHER RESERVES		
587,333,632.45	i)	Statutory Reserve	598,577,003.45	
301,895,073.75	ii)	Agriculture Credit Stablisation Fund	315,206,758.75	
99,293,617.98	iii)	Building Fund	101,503,693.03	
112,155,268.90	iv)	Bad and Doubtful Debt Reserve	119,506,312.59	
11,888,244.29	v)	Invest